World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਦੇਸ਼ਭਰ 'ਚ ਹੋਰ ਤੇਜ ਹੋਵੇਗਾ ਕਿਸਾਨਾਂ ਦਾ ਅੰਦੋਲਨ, ਰਾਕੇਸ਼ ਟਿਕੈਤ ਨੇ 2 ਹੋਰ ਟ੍ਰੈਕਟਰ ਮਾਰਚ ਦਾ ਕੀਤਾ ਐਲਾਨ




**ਨਵੀਂ ਦਿੱਲੀ।** ਦਿੱਲੀ ਬਾਰਡਰ 'ਤੇ ਪਿਛਲੇ 7 ਮਹੀਨਿਆਂ ਤੋਂ ਕਿਸਾਨ ਡਟੇ ਹੋਏ ਹਨ।26 ਜੂਨ ਨੂੰ ਕਿਸਾਨਾਂ ਨੇ ਇੱਕ ਵਾਰ ਤੋਂ ਸਰਕਾਰ ਨੂੰ ਲਲਕਾਰਿਆ।ਕਈ ਮਹੀਨਿਆਂ ਬਾਅਦ ਇੱਕ ਵਾਰ ਫਿਰ ਬਾਰਡਰ 'ਤੇ ਕਿਸਾਨਾਂ ਦੀ ਗਿਣਤੀ 'ਚ ਵਾਧਾ ਹੋਇਆ।ਪਹਿਲਾਂ ਐਲਾਨਾ ਪ੍ਰੋਗਰਾਮ ਦੇ ਤਹਿਤ ਰਾਜਪਾਲਾਂ ਨੂੰ ਪੱਤਰ ਦੇਣ ਦੌਰਾਨ ਦੇਹਰਾਦੂਨ ਅਤੇ ਦਿੱਲੀ 'ਚ ਕਿਸਾਨਾਂ ਨੂੰ ਪੁਲਿਸ ਵਲੋਂ ਹਿਰਾਸਤ 'ਚ ਲਏ ਜਾਣ ਤੋਂ ਯੂ.ਪੀ ਗੇਟ 'ਤੇ ਕਿਸਾਨਾਂ 'ਚ ਨਾਰਾਜ਼ਗੀ ਨਜ਼ਰ ਆਈ।ਦੁਪਹਿਰ ਕਰੀਬ 3 ਵਜੇ ਅੰਦੋਲਨ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਬਾਰਡਰ 'ਤੇ ਮੌਜੂਦ ਮੀਡੀਆ ਨੂੰ ਸੰਬੋਧਿਤ ਕੀਤਾ ਅਤੇ ਇਸ ਬਾਰੇ 'ਚ ਜਾਣਕਾਰੀ ਦਿੱਤੀ।ਰਾਕੇਸ਼ ਟਿਕੈਤ ਨੇ ਕਿਹਾ ਕਿ ਅਸੀਂ ਤੁਹਾਡੇ ਸਾਥੀਆਂ ਨੂੰ ਛੁਡਾਉਣ ਲਈ ਕੁਝ ਨਹੀਂ ਕਰਨ ਜਾ ਰਹੇ ਹਨ।ਸਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਤਿਹਾੜ ਜੇਲ ਭੇਜੇ ਜਾਂ ਫਿਰ ਉਪ ਰਾਜਪਾਲ ਨਾਲ ਮੁਲਾਕਾਤ ਕਰਾਵੇ।ਅਜਿਹਾ ਨਹੀਂ ਹੁੰਦਾ ਹੈ ਤਾਂ ਅਸੀਂ ਦੇਸ਼ 'ਚ ਅੰਦੋਲਨ ਤੇਜ ਕਰਾਂਗੇ।ਸ਼ਨੀਵਾਰ ਨੂੰ ਗਾਜ਼ੀਪੁਰ ਬਾਰਡਰ 'ਤੇ ਰਾਕੇਸ਼ ਟਿਕੈਤ ਨੇ ਪ੍ਰੈੱਸ ਕਾਨਫ੍ਰੰਸ ਕਰ ਕੇ ਦੋਸ਼ ਲਗਾਇਆ ਕਿ ਦਿੱਲੀ 'ਚ ਉਪਰਾਜਪਾਲ ਨੂੰ ਪੱਤਰ ਦੇਣ ਜਾ ਰਹੇ ਭਾਰਤੀ ਕਿਸਾਨ ਯੂਨੀਅਨ ਰਾਸ਼ਟਰੀ ਸਕੱਤਰ ਯੁੱਧਵੀਰ ਸਿੰਘ ਸਮੇਤ ਕੁਝ ਕਿਸਾਨਾਂ ਨੂੰ ਪੁਲਿਸ ਨੇ ਹਿਰਾਸਤ 'ਚ ਲਿਆ ਹੈ।ਦੂਜੇ ਪਾਸੇ ਦੇਹਰਾਦੂਨ 'ਚ ਵੀ ਰਾਜਭਵਨ ਜਾ ਰਹੇ ਕਿਸਾਨਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ।ਉਨ੍ਹਾਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਕਿਸਾਨਾਂ ਨੂੰ ਜਾਂ ਤਾਂ ਰਿਹਾਅ ਕੀਤਾ ਜਾਵੇ ਜਾਂ ਤਿਹਾੜ ਜੇਲ ਭੇਜਿਆ ਜਾਵੇ।ਕਿਸਾਨ ਦਿੱਲੀ ਵੱਲ ਕੂਚ ਕਰਨਗੇ।ਉਨ੍ਹਾਂ ਨੇ ਕਿਹਾ ਕਿ ਇਹ ਕਿਹੋ ਜਿਹਾ ਲੋਕਤੰਤਰ ਹੈ, ਜਿੱਥੇ ਕੋਈ ਆਪਣਾ ਪੱਤਰ ਵੀ ਨਹੀਂ ਦੇ ਸਕਦਾ।ਰਾਜਪਾਲ ਸਭਦੇ ਹਨ।ਉਨ੍ਹਾਂ ਨੇ ਸਵਾਲ ਕੀਤਾ ਕਿ ਕੀ ਸਿਰਫ ਭਾਜਪਾ ਦੇ ਲੋਕ ਹੀ ਰਾਜਪਾਲ ਨਾਲ ਮੁਲਾਕਾਤ ਕਰ ਸਕਦੇ ਹਨ।ਹਾਲਾਂਕਿ ਸ਼ਾਮ ਨੂੰ ਦਿੱਲੀ 'ਚ ਕਿਸਾਨਾਂ ਦੀ ਉਪਰਾਜਪਾਲ ਨਾਲ ਵਰਚੁਅਲ ਮੀਟਿੰਗ ਅਤੇ ਰਾਜਪਾਲ ਦੇ ਸਕੱਤਰ ਨੂੰ ਪੱਤਰ ਦੇਣ ਦੀ ਸੂਚਨਾ ਮਿਲਣ ਤੋਂ ਬਾਅਦ ਟਿਕੈਤ ਨੇ ਦਿੱਲੀ ਕੂਚ ਦੇ ਫੈਸਲੇ ਨੂੰ ਵਾਪਸ ਲੈ ਲਿਆ।

## ਜੰਮ 'ਚ ਭਾਰਤੀ ਹਵਾਈ ਫ਼ੌਜ ਦੇ ਅੱਡੇ 'ਤੇ ਡਰੋਨ ਨਾਲ ਧਮਾਕੇ, ਦੋ ਜ਼ਖ਼ਮੀ

**ਜੰਮੂ।** ਭਾਰਤੀ ਹਵਾਈ ਫੌਜ ਦੇ ਜੰਮੂ ਸਥਿਤ ਅੱਡੇ 'ਤੇ ਬੀਤੀ ਦੇਰ ਰਾਤ ਪੰਜ ਮਿੰਟਾਂ ਵਿਚ ਦੋ ਧਮਾਕੇ ਹੋਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਧਮਾਕੇ ਤੜਕੇ ਕਰੀਬ 2.15 ਵਜੇ ਹੋਏ। ਧਮਾਕੇ ਕਰਨ ਲਈ ਕਥਿਤ ਤੌਰ 'ਤੇ ਡਰੋਨ ਵਰਤੇ ਗਏ। ਪਹਿਲੇ ਧਮਾਕੇ ਕਾਰਨ ਹਵਾਈ ਅੱਡੇ ਦੇ ਤਕਨੀਕੀ ਖੇਤਰ ਵਿਚ ਇਮਾਰਤ ਦੀ ਛੱਤ ਢਹਿ ਗਈ। ਦੂਜਾ






ਧਮਾਕਾ ਜ਼ਮੀਨ 'ਤੇ ਹੋਇਆ। ਧਮਾਕਿਆਂ 'ਚ ਹਵਾਈ ਫੌਜ ਦੇ ਦੋ ਕਰਮਚਾਰੀ ਜ਼ਖਮੀ ਹੋ ਗਏ। ਘਟਨਾ ਬਾਅਦ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਦੌਰਾਨ ਹਵਾਈ ਫ਼ੌਜ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕਿਧਰੇ ਇਹ ਦੋ ਧਮਾਕੇ ਅਤਿਵਾਦੀ ਹਮਲੇ ਤਾਂ ਨਹੀਂ ਸਨ। ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਦਫਤਰ ਨੇ ਕਿਹਾ ਕਿ ਉਨ੍ਹਾਂ ਨੇ ਹਵਾਈ ਫੌਜ ਦੇ ਡਿਪਟੀ ਚੀਫ਼ ਏਅਰ ਮਾਰਸ਼ਲ ਐੱਚਐੱਸ ਅਰੋੜਾ ਨਾਲ ਧਮਾਕਿਆਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀ ਹਵਾਈ ਅੱਡੇ 'ਤੇ ਧਮਾਕੇ ਕਰਨ ਲਈ ਡਰੋਨ ਦੀ ਸੰਭਾਵਿਤ ਵਰਤੋਂ ਦੀ ਵੀ ਜਾਂਚ ਕਰ ਰਹੇ ਹਨ। ਇਸ ਹਵਾਈ ਅੱਡੇ ਵਿੱਚ ਹਵਾਈ ਫੌਜ ਦਾ ਸਾਜ਼ੋ ਸਾਮਾਨ ਵੀ ਹੈ। ਇਸ ਹਮਲੇ ਤੋਂ ਤੁਰੰਤ ਮਗਰੋਂ ਹਵਾਈ ਅੱਡੇ ਤੋਂ ਪੰਜ ਕਿਲੋਮੀਟਰ ਦੌਰ ਪੰਜ ਕਿਲੋ ਆਈਈਡੀ ਨਾਲ ਦੋ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕਰਨ ਬਾਅਦ ਹਾਈ ਅਲਰਟ ਐਲਾਨ ਦਿੱਤਾ ਹੈ।

## ਪੰਜਾਬ 'ਚ ਪੈਟਰੋਲ ਦਾ ਸੈਂਕੜਾ: ਕਈ ਜ਼ਿਲ੍ਹਿਆਂ 'ਚ ਪ੍ਰਤੀ ਲਿਟਰ ਸੌ ਰੁਪਏ ਨੂੰ ਟੱਪਿਆ

**ਨਵੀਂ ਦਿੱਲੀ।** ਐਤਵਾਰ ਨੂੰ ਤੇਲ ਦੀਆਂ ਕੀਮਤਾਂ ਵਿਚ ਫਿਰ ਤੋਂ ਵਾਧਾ ਕਰਨ ਨਾਲ ਪੰਜਾਬ ਤੇ ਬਿਹਾਰ ਵਿਚ ਪੈਟਰੋਲ ਦੀ ਕੀਮਤ 100 ਰੁਪਏ ਪ੍ਰਤੀ ਲਿਟਰ ਤੋਂ ਪਾਰ ਹੋ ਗਈ। ਪੰਜਾਬ ਦੇ ਪਟਿਆਲਾ, ਅੰਮ੍ਰਿਤਸਰ, ਫਰੀਦਕੋਟ, ਫ਼ਿਰੋਜ਼ਪੁਰ,ਮੁਹਾਲੀ, ਫ਼ਾਜ਼ਿਲਕਾ, ਗੁਰਦਾਸਪੁਰ, ਲੁਧਿਆਣਾ, ਮੋਗਾ, ਪਠਾਨਕੋਟ ਤੇ ਤਰਨਤਾਰਨ ਵਿੱਚ ਪੈਟਰੋਲ 100 ਨੂੰ ਪਾਰ ਕਰ ਗਿਆ। ਇਸ ਤੋਂ ਇਲਾਵਾ ਰਾਜ ਵਿੱਚ ਡੀਜ਼ਲ 92 ਰੁਪਏ ਦੇ ਕਰੀਬ ਪ੍ਰਤੀ ਲਿਟਰ ਪੁੱਜ ਗਿਆ ਹੈ। ਸਰਕਾਰੀ ਮਾਲਕੀਅਤ ਵਾਲੀਆਂ ਤੇਲ ਕੰਪਨੀਆਂ ਨੇ ਪੈਟਰੋਲ 35 ਪੈਸੇ ਅਤੇ ਡੀਜ਼ਲ 25 ਪੈਸੇ ਪ੍ਰਤੀ ਲਿਟਰ ਮਹਿੰਗੇ ਕੀਤੇ। ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ, ਜੰਮੂ-ਕਸ਼ਮੀਰ, ਉੜੀਸਾ, ਤਾਮਿਲਨਾਡੂ ਅਤੇ ਲੱਦਾਖ ਵਿਚ ਪੈਟਰੋਲ 100 ਰੁਪਏ ਤੋਂ ਉਪਰ ਪ੍ਰਤੀ ਲਿਟਰ ਪਹਿਲਾਂ ਹੀ ਵਿਕ ਰਿਹਾ ਹੈ। ਪਟਨਾ ਵਿਚ ਹੁਣ ਪੈਟਰੋਲ 100.47 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਦੀ ਕੀਮਤ 94.24 ਰੁਪਏ ਪ੍ਰਤੀ ਲਿਟਰ ਹੈ। ਮੈਟਰੋ ਸ਼ਹਿਰਾਂ ਵਿਚੋਂ ਮੁੰਬਈ, ਹੈਦਰਾਬਾਦ ਅਤੇ ਬੰਗਲੌਰ ਵਿਚ ਪੈਟਰੋਲ ਪਹਿਲਾਂ ਹੀ 100 ਰੁਪਏ ਤੋਂ ਉੱਪਰ ਹੈ। ਚੰਡੀਗੜ੍ਹ ਵਿੱਚ ਪੈਟਰੋਲ 94.69 ਰੁਪਏ ਤੇ ਡੀਜ਼ਲ 88.54 ਰੁਪਏ ਪ੍ਰਤੀ ਲਿਟਰ ਹੋ ਗਏ ਹਨ।




OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਜੀਐੱਸਟੀ ਮੁਆਵਜ਼ਾ: ਸੂਬਾ ਸਰਕਾਰਾਂ ਦੀ ਤਿੱਖੀ ਸੁਰ




ਮਈ ਮਹੀਨੇ ਜੀਐੱਸਟੀ ਕੌਂਸਲ ਦੀ ਮੀਟਿੰਗ, ਦੂਜੇ ਲੌਕਡਾਊਨ ਦੇ ਝੰਬੇ ਆਮ ਲੋਕਾਂ ਨੂੰ ਕਰ ਛੋਟਾਂ ਦੇ ਰੂਪ ਵਿਚ ਕੋਈ ਰਾਹਤ ਨਾ ਦੇ ਸਕੀ। ਨੌਕਰੀਓਂ ਵਿਹੂਣੇ ਕੀਤੇ ਕਿਰਤੀ ਲੋਕ ਹੋਣ, ਭਾਵੇਂ ਘਾਟਾ ਸਹਿ ਰਹੇ ਛੋਟੇ ਦੁਕਾਨਦਾਰ ਜਾਂ ਫਿਰ ਨਕਦੀ ਤੋਟ ਦਾ ਸਾਹਮਣਾ ਕਰ ਰਹੀਆਂ ਸੂਬਾ ਸਰਕਾਰਾਂ ਹੋਣ, ਹਰ ਪੱਖ ਤੋਂ ਕੌਂਸਲ ਦੇ ਐਲਾਨ ਰਾਹਤ ਦੇਣ ਵਿਚ ਨਾਕਾਮ ਹੋਏ। ਜੀਐੱਸਟੀ ਦੀਆਂ ਰਿਟਰਨਾਂ ਭਰਨ ਦੀ ਮਿਆਦ ਵਧਾਉਣ ਤੋਂ ਛੁੱਟ ਕੋਈ ਵੱਡਾ ਐਲਾਨ ਨਹੀਂ। ਕੱਚੇ ਤੇਲ ਦੀਆਂ ਕੀਮਤਾਂ ਤੇ ਸਰਕਾਰ ਦੇ ਭਾਰੀ ਟੈਕਸ ਸਦਕਾ ਵਧੀਆਂ ਤੇਲ ਕੀਮਤਾਂ ਬਾਰੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕੋਈ ਐਲਾਨ ਨਾ ਕੀਤਾ। ਉਂਜ, ਇਸ ਮੀਟਿੰਗ ਦਾ ਸਭ ਤੋਂ ਵੱਡਾ ਮਸਲਾ ਸੀ ਗੈਰ-ਭਾਜਪਾ ਸੂਬਾ ਸਰਕਾਰਾਂ (ਪੰਜਾਬ, ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਆਦਿ) ਵੱਲੋਂ ਕੇਂਦਰ ਸਰਕਾਰ ਕੋਲ਼ ਜੀਐੱਸਟੀ ਘਾਟੇ ਦੇ ਮੁਆਵਜ਼ੇ ਦੀ ਮੰਗ ਲਈ ਦਬਾਅ ਪਾਉਣਾ। ਕੇਂਦਰ ਸਰਕਾਰ ਨੇ 2017 ਵਿਚ ਜੀਐੱਸਟੀ ਲਾਗੂ ਕਰਨ ਵੇਲੇ ਸੂਬਾ ਸਰਕਾਰਾਂ ਨੂੰ ਪੈਣ ਵਾਲਾ ਘਾਟਾ ਪੂਰਨ ਦਾ ਵਾਅਦਾ ਕੀਤਾ ਸੀ। ਕੇਂਦਰ ਦੀ ਭਰਪਾਈ ਦੀ ਐਲਾਨੀ ਮਿਆਦ ਜੁਲਾਈ 2022 ਵਿਚ ਖਤਮ ਹੋ ਰਹੀ ਹੈ। ਇਸੇ ਕਰਕੇ ਸੂਬਾ ਸਰਕਾਰਾਂ ਕੇਂਦਰ ਸਰਕਾਰ ਕੋਲ਼ੋਂ ਸਪੱਸ਼ਟ ਸੇਧ ਚਾਹੁੰਦੀਆਂ ਸਨ ਕਿ ਉਨ੍ਹਾਂ ਲਈ ਮੁਆਵਜ਼ੇ ਦੀ ਮਿਆਦ ਅੱਗੇ ਹੋਰ ਕਿੰਨੀ ਵਧਾਈ ਜਾਵੇਗੀ। ਫਿਲਹਾਲ ਨਿਰਮਲਾ ਸੀਤਾਰਾਮਨ ਨੇ ਇਸ ਮਸਲੇ ਤੇ ਕੌਂਸਲ ਦੀ ਵੱਖਰੀ ਮੀਟਿੰਗ ਸੱਦਣ ਦੇ ਵਾਅਦੇ ਨਾਲ਼ ਇਸ ਨੂੰ ਟਾਲ ਦਿੱਤਾ ਹੈ।

ਜਦੋਂ ਨਵੀਂ ਟੈਕਸ ਪ੍ਰਣਾਲੀ ਜੀਐੱਸਟੀ ਜੁਲਾਈ 2017 ਵਿਚ ਲਾਗੂ ਕੀਤੀ ਗਈ ਤਾਂ ਇਸ ਦਾ ਮਕਸਦ ਬਹੁਤ ਸਾਰੀਆਂ ਕੇਂਦਰੀ ਤੇ ਸੂਬਾਈ ਟੈਕਸ ਦਰਾਂ ਨੂੰ ਕੇਂਦਰੀ ਪੱਧਰ ਤੇ ਕੁਝ ਦਰਾਂ ਵਿਚ ਸਮੇਟ ਕੇ ਭਾਰਤ ਦੇ ਗੁੰਝਲਦਾਰ ਟੈਕਸ ਨਿਜ਼ਾਮ ਨੂੰ ਸਰਲ ਕਰਨਾ ਸੀ। ਉਸ ਮੌਕੇ ਸੂਬਾ ਸਰਕਾਰਾਂ ਦੇ ਸ਼ੰਕੇ ਦੂਰ ਕਰਨ ਲਈ ਕਿਹਾ ਗਿਆ ਕਿ ਇਸ ਨਵੀਂ ਪ੍ਰਣਾਲੀ ਨਾਲ਼ ਸੂਬਾ ਸਰਕਾਰਾਂ ਦੀ ਆਮਦਨ ਵਿਚ 14% ਸਾਲਾਨਾ ਵਾਧਾ ਹੋਵੇਗਾ ਤੇ ਜੇਕਰ ਸੂਬਿਆਂ ਦੀ ਟੈਕਸ ਉਗਰਾਹੀ ਵਿਚ ਕੋਈ ਕਮੀ ਆਉਂਦੀ ਹੈ ਤਾਂ ਉਸ ਦੀ ਭਰਪਾਈ ਕੇਂਦਰ ਕਰੇਗਾ। ਸ਼ੁਰੂਆਤ ਦੇ ਦੋ ਸਾਲ ਇਹ ਪ੍ਰਣਾਲੀ ਬਿਨਾ ਕਿਸੇ ਡਿੱਕ-ਡੋਲੇ ਤੋਂ ਚਲਦੀ ਰਹੀ ਪਰ ਜਿਉਂ ਹੀ ਭਾਰਤ ਦਾ ਅਰਥਚਾਰਾ ਸੰਕਟ ਦਾ ਸ਼ਿਕਾਰ ਹੋਇਆ ਤੇ ਜੀਐੱਸਟੀ ਤੋਂ ਹੋਣ ਵਾ਼ਲੀ ਉਗਰਾਹੀ ਘਟੀ, ਉਦੋਂ ਤੋਂ ਹੀ ਕੇਂਦਰ ਤੇ ਸੂਬਾ ਸਰਕਾਰਾਂ ਦਰਮਿਆਨ ਖਿੱਚੋਤਾਣ ਸ਼ੁਰੂ ਹੋ ਗਈ। 2019 ਦਾ ਅੰਤ ਆਉਂਦੇ ਆਉਂਦੇ ਕੇਂਦਰ ਸਰਕਾਰ ਵਾ਼ਲਾ ਜੀਐੱਸਟੀ ਮੁਆਵਜ਼ਾ ਛੇ ਛੇ ਮਹੀਨੇ ਟਲਣ ਲੱਗਾ। ਮਾਰਚ 2020 ਵਿਚ, ਭਾਵ ਲੌਕਡਾਊਨ ਦੇ ਮਹੀਨੇ ਵਿਚ ਹੀ ਸਪੱਸ਼ਟ ਹੋ ਗਿਆ ਕਿ ਕੇਂਦਰ ਸਰਕਾਰ ਕੋ਼ਲ ਮੁਆਵਜ਼ੇ ਵਾਸਤੇ ਪੈਸਾ ਨਹੀਂ ਹੋਣਾ, ਇਸ ਕਰਕੇ ਕੌਂਸਲ ਵਿਚ ਸੂਬਾ ਸਰਕਾਰਾਂ ਨੂੰ ਮੁਆਵਜ਼ੇ ਦੀ ਥਾਂ ਉਧਾਰ ਰਕਮ ਦੇਣ ਦੀ ਨੀਤੀ ਵਿਚਾਰੀ ਗਈ। ਜੀਐੱਸਟੀ ਕੌਂਸਲ ਦੀ ਮੀਟਿੰਗ ਵਿਚ ਇਸੇ ਮਸਲੇ ਤੇ ਹੋਰ ਗੱਲਬਾਤ ਹੋਣੀ ਸੀ ਪਰ ਕਰੋਨਾ ਬਹਾਨਾ ਤੇ ਮਗਰੋਂ ਵਿਧਾਨ ਸਭਾ ਚੋਣਾਂ ਦਾ ਹਵਾਲਾ ਦੇ ਕੇ ਕੇਂਦਰ ਸਰਕਾਰ ਨੇ ਸੱਤ ਮਹੀਨੇ ਇਹ ਮੀਟਿੰਗ ਟਾਲੀ ਰੱਖੀ।

ਇਸੇ ਦੌਰਾਨ ਸੂਬਾ ਸਰਕਾਰਾਂ ਨੂੰ ਦਿੱਤਾ ਜਾਣ ਵਾ਼ਲਾ ਮੁਆਵਜ਼ਾ ਖਤਮ ਕਰਨ ਦੀ ਮਨਸ਼ਾ ਤਹਿਤ ਕੇਂਦਰ ਨੇ ਉਧਾਰ ਬਾਰੇ ਦੋ ਚੋਣਾਂ ਪੇਸ਼ ਕਰ ਦਿੱਤੀਆਂ। ਦੂਜੇ ਬੰਨੇ, ਇਹ ਜਾਣਨ ਦੇ ਬਾਵਜੂਦ ਕਿ ਇਸ ਬਾਰੇ ਸੂਬਾ ਸਰਕਾਰਾਂ, ਖਾਸਕਰ ਗੈਰ-ਭਾਜਪਾ ਸੂਬਿਆਂ ਵਿਚ ਤਿੱਖੇ ਵਿਰੋਧ ਹਨ, ਜਮਹੂਰੀ ਢੰਗ ਨਾ਼ਲ ਇਸ ਮਸਲੇ ਤੇ ਮੀਟਿੰਗ ਨਹੀਂ ਬੁਲਾਈ ਗਈ। ਉਸ ਵੇ਼ਲੇ ਟੈਲੀਗ੍ਰਾਫ ਅਖਬਾਰ ਅਤੇ ਕਾਂਗਰਸ ਸਰਕਾਰ ਵਿਚ ਵਿੱਤ ਮੰਤਰੀ ਰਹੇ ਪੀ ਚਿਦੰਬਰਮ ਦੀ ਰਿਪੋਰਟ ਨੂੰ ਮੰਨੀਏ ਤਾਂ ਕੇਂਦਰ ਨੇ 5 ਅਕਤੂਬਰ 2020 ਨੂੰ ਜਿਹੜੀ ਮੀਟਿੰਗ ਬੁਲਾਈ ਵੀ, ਉਸ ਦੀ ਕਾਰਵਾਈ ਵੀ ਕਾਹਲੀ ਨਾ਼ਲ ਮੁਕਾ ਕੇ ਮਸਲੇ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਫਿਰ ਕੇਂਦਰ ਨੇ ਆਪ ਭਾਵੇਂ ਕੋਈ ਬਿਆਨ ਨਹੀਂ ਦਿੱਤਾ ਪਰ ਮੀਡੀਆ ਵਿਚ ਅਗਿਆਤ ਸਰੋਤਾਂ ਦੇ ਹਵਾਲੇ ਨਾ਼ਲ ਅਜਿਹੀਆਂ ਖਬਰਾਂ ਨਸ਼ਰ ਹੋਈਆਂ ਕਿ ਜੀਐੱਸਟੀ ਕੌਂਸਲ ਵਿਚ ਵੋਟਿੰਗ ਕੌਂਸਲ ਦੇ ਅਧਿਕਾਰ ਖੇਤਰ ਤੋਂ ਬਾਹਰ ਦੀ ਗੱਲ ਹੈ, ਜਦਕਿ ਅਜਿਹਾ ਬਿਲਕੁਲ ਨਹੀਂ ਸੀ। ਖੈਰ, ਸੂਬਾ ਸਰਕਾਰਾਂ ਦੇ ਸਰਵਉੱਚ ਅਦਾਲਤ ਜਾਣ ਦੇ ਫੈਸਲੇ ਮਗਰੋਂ ਕੇਂਦਰ ਸਰਕਾਰ ਨੇ ਜੀਐੱਸਟੀ ਮੁਆਵਜ਼ੇ ਦਾ ਇੱਕ ਹਿੱਸਾ ਕੁਝ ਸੂਬਾ ਸਰਕਾਰਾਂ ਨੂੰ ਜਾਰੀ ਕਰ ਦਿੱਤਾ। ਫਿਰ ਵੀ ਕੌਂਸਲ ਦੀ ਮੀਟਿੰਗ 28 ਮਈ ਤੱਕ ਟਲਦੀ ਗਈ।

ਜਦ ਜੀਐੱਸਟੀ ਲਾਗੂ ਕੀਤਾ ਜਾ ਰਿਹਾ ਸੀ, ਉਸ ਵੇ਼ਲੇ ਵੀ ਅਰਥ ਸ਼ਾਸਤਰੀਆਂ ਨੇ ਬਹੁਭਾਗੀ ਦਰਾਂ ਦੇ ਇਸ ਦੇ ਢਾਂਚੇ, ਉੱਚੀਆਂ ਟੈਕਸ ਦਰਾਂ, ਟੈਕਸ ਦਾਇਰ ਕਰਨ ਦੇ ਗੁੰਝਲਦਾਰ ਪ੍ਰਬੰਧਾਂ ਆਦਿ ਸਮੱਸਿਆਵਾਂ ਦੀ ਨਿਸ਼ਾਨਦੇਹੀ ਕੀਤੀ ਸੀ। ਹੁਣ ਇਹ ਸਮੱਸਿਆਵਾਂ ਗੌਣ ਹੋ ਚੁੱਕੀਆਂ ਹਨ; ਜੋ ਮੁੱਖ ਸਮੱਸਿਆ ਬਣੀ ਹੈ, ਉਹ ਜੀਐੱਸਟੀ ਪ੍ਰਣਾਲੀ ਨੂੰ ਮੂਲੋਂ ਹੀ ਨਕਾਰਾ ਕਰਨ ਵਾ਼ਲੀ ਹੈ, ਭਾਵ ਕੇਂਦਰ ਤੇ ਸੂਬਾ ਸਰਕਾਰਾਂ ਦਰਮਿਆਨ ਖੁਰ ਰਿਹਾ ਆਪਸੀ ਭਰੋਸਾ। ਸੂਬਾ ਸਰਕਾਰਾਂ ਖੁਦ ਨੂੰ ਠੱਗੀਆਂ ਮਹਿਸੂਸ ਕਰ ਰਹੀਆਂ ਹਨ ਕਿਉਂਜੋ ਭਰਪਾਈ ਦੇ ਵਾਅਦੇ ਦੀ ਬੁਨਿਆਦ ਤੇ ਉਨ੍ਹਾਂ ਆਪਣੀ ਆਮਦਨ ਦਾ ਵੱਡਾ ਹਿੱਸਾ ਗੁਆ ਦਿੱਤਾ ਸੀ। ਇਸ ਮਾਮਲੇ ਵਿਚ ਕੇਂਦਰ ਸਰਕਾਰ ਨਾ਼ਲੋਂ ਸੂਬਾ ਸਰਕਾਰਾਂ ਦਾ ਵੱਧ ਨੁਕਸਾਨ ਹੋਇਆ। ਕੇਂਦਰ ਸਰਕਾਰ ਕੋ਼ਲ ਤਾਂ ਗੈਰ-ਟੈਕਸ ਆਮਦਨ ਦੇ ਹੋਰ ਸੋਮੇ ਵੀ ਮੌਜੂਦ ਰਹੇ, ਜਿਵੇਂ ਆਰਬੀਆਈ ਤੇ ਸਰਕਾਰੀ ਕੰਪਨੀਆਂ ਵ਼ੱਲੋਂ ਮਿਲਦਾ ਲਾਭ-ਅੰਸ਼ ਜਦਕਿ ਸੂਬਿਆਂ ਕੋ਼ਲ ਅਜਿਹਾ ਕੁਝ ਵੀ ਨਹੀਂ। ਸੂਬਿਆਂ ਨੂੰ ਆਸ ਸੀ ਕਿ ਜੀਐੱਸਟੀ ਲਾਗੂ ਹੋਣ ਮਗਰੋਂ ਸੈੱਸ ਤੇ ਸਰਚਾਰਜ ਵਗੈਰਾ ਬੰਦ ਹੋ ਜਾਣਗੇ ਪਰ ਅਜਿਹਾ ਨਾ ਹੋਇਆ ਸਗੋਂ ਕੇਂਦਰ ਸਰਕਾਰ ਨੇ ਸਿੱਖਿਆ, ਸਿਹਤ ਆਦਿ ਉੱਤੇ ਹੋਰ ਅਜਿਹੀਆਂ ਦਰਾਂ ਲਾ ਦਿੱਤੀਆਂ; ਤੇਲ ਕੀਮਤਾਂ ਵਿਚ ਸ਼ਾਮਲ ਕੀਤੇ ਸੜਕੀ ਸੈੱਸ ਨੇ ਕੀਮਤਾਂ ਹੋਰ ਵਧਾ ਦਿੱਤੀਆਂ। ਸੈੱਸ/ਸਰਚਾਰਜ ਦਾ ਮਸਲਾ ਸੂਬਾ ਸਰਕਾਰਾਂ ਲਈ ਇਸ ਲਈ ਸਿਰਦਰਦੀ ਹੈ ਕਿਉਂਕਿ ਟੈਕਸ ਦੀ ਆਮਦਨ ਵਾਂਗੂ ਇਹ ਕੇਂਦਰ ਤੇ ਸੂਬਿਆਂ, ਦੋਹਾਂ ਦਰਮਿਆਨ ਨਹੀਂ ਵੰਡਿਆ ਜਾਂਦਾ ਸਗੋਂ ਇਸ ਦਾ ਸਾਰਾ ਹਿੱਸਾ ਕੇਂਦਰ ਸਰਕਾਰ ਕੋ਼ਲ ਹੀ ਜਾਂਦਾ ਹੈ।

ਇਸ ਚੋਰ-ਮੋਰੀ ਲਈ ਸੰਵਿਧਾਨ 'ਚ ਹੀ ਸਹੂਲੀਅਤ ਹੈ। ਸੰਵਿਧਾਨ ਦੀ ਧਾਰਾ 270 ਮੁਤਾਬਕ ਕਰਾਂ ਤੋਂ (ਸੈੱਸ ਤੇ ਸਰਚਾਰਜ ਤੋਂ ਬਿਨਾ) ਹੋਣ ਵਾ਼ਲੀ ਕੁੱਲ ਕਮਾਈ ਨੂੰ ਕੇਂਦਰ ਤੇ ਸੂਬਾ ਸਰਕਾਰਾਂ ਨੇ ਆਪੋ 'ਚ ਵੰਡਣਾ ਹੁੰਦਾ ਹੈ ਪਰ ਧਾਰਾ 271 ਦੇ ਪਰਦੇ ਹੇਠ ਕੇਂਦਰ ਸਰਕਾਰ ਸੈੱਸ ਤੇ ਸਰਚਾਰਜ ਲਗਾਤਾਰ ਵਧਾ ਸਕਦੀ ਹੈ, ਭਾਵ ਕੁੱਲ ਆਮਦਨ 'ਚ ਆਪਣਾ ਹਿੱਸਾ ਵਧਾ ਸਕਦੀ ਹੈ। ਸੈੱਸ ਰਾਹੀਂ ਕੇਂਦਰ ਦੀ ਆਮਦਨ ਲਗਾਤਾਰ ਵਧ ਰਹੀ ਹੈ। 2017-18 'ਚ ਕੇਂਦਰ ਵ਼ੱਲੋਂ ਸੂਬਿਆਂ ਨਾ਼ਲ ਸਾਂਝੀ ਕੀਤੀ ਕਰ ਆਮਦਨ ਜਿੱਥੇ 4.1 ਲੱਖ ਕਰੋੜ ਸੀ, ਉੱਥੇ ਸਿਰਫ਼ ਸੈੱਸ ਤੇ ਵਾਧੂ ਚੁੰਗੀ ਰਾਹੀਂ ਕੇਂਦਰ ਨੂੰ ਹੋਣ ਵਾ਼ਲੀ ਆਮਦਨ 3 ਲੱਖ ਕਰੋੜ ਸੀ, ਭਾਵ ਕੇਂਦਰ ਦੀ ਕੁੱਲ ਕਰ ਆਮਦਨ ਦਾ ਲਗਭਗ 16 ਫੀਸਦੀ। ਇਸ ਤੋਂ ਬਿਨਾਂ 2000ਵਿਆਂ ਦੇ ਸ਼ੁਰੂ ਵਿਚ 'ਮਾਲੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧ' ਕਾਨੂੰਨ ਰਾਹੀਂ ਸੂਬਾ ਸਰਕਾਰਾਂ ਨੂੰ ਕਿਹਾ ਗਿਆ ਕਿ ਉਹ ਆਪਣੇ ਮਾਲੀ ਘਾਟੇ 3% ਤੱਕ ਸੀਮਤ ਰੱਖਣ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦੀਆਂ ਗਰਾਂਟਾਂ ਵਿਚ ਕਟੌਤੀ ਕੀਤੀ ਜਾਵੇਗੀ। ਸਿੱਟੇ ਵਜੋਂ ਉਨ੍ਹਾਂ ਨੂੰ ਆਪਣੇ ਅਹਿਮ ਖ਼ਰਚਿਆਂ ਵਿਚ ਕਟੌਤੀ ਕਰਨੀ ਪੈ ਸਕਦੀ ਹੈ ਪਰ ਇਸ ਕਨੂੰਨ ਤਹਿਤ ਕੇਂਦਰ ਸਰਕਾਰ 'ਤੇ ਅਜਿਹੀ ਕੋਈ ਪਾਬੰਦੀ ਨਹੀਂ। ਲਾਗੂ ਹੋਣ ਵੇ਼ਲੇ ਜਮਹੂਰੀਅਤ ਲਈ ਜਿੱਤ ਐਲਾਨੀ ਗਈ ਜੀਐੱਸਟੀ ਪ੍ਰਣਾਲੀ ਵੀ ਇਸੇ ਨਾ-ਬਰਾਬਰੀ ਵਾ਼ਲੇ ਵਤੀਰੇ ਦੀ ਕੜੀ ਦਾ ਹਿੱਸਾ ਹੈ। ਸੰਵਿਧਾਨ ਦੀ ਧਾਰਾ 279-ਉ ਮੁਤਾਬਕ ਸੂਬਿਆਂ ਨੂੰ ਜੀਐੱਸਟੀ ਕੌਂਸਲ ਵਿਚ ਦੋ-ਤਿਹਾਈ ਵੋਟ ਦਾ ਹੱਕ ਹੈ ਪਰ ਕਾਨੂੰਨੀ ਕੁੜਿੱਕੀ ਇਹ ਹੈ ਕਿ ਕੌਂਸਲ ਵਿਚ ਆਪਣਾ ਮਤਾ ਪਾਸ ਕਰਾਉਣ ਲਈ ਲੋੜੀਂਦੀ ਬਹੁਮਤ ਤਿੰਨ-ਚੌਥਾਈ ਦੀ ਸ਼ਰਤ ਰੱਖੀ ਹੋਈ ਹੈ। ਜ਼ਾਹਿਰ ਹੈ ਕਿ ਕੇਂਦਰ ਕੋ਼ਲ ਇੱਥੇ ਵੀ ਵੀਟੋ ਤਾਕਤ ਹੈ, ਭਾਵੇਂ ਸਾਰੇ ਸੂਬਿਆਂ ਦੀਆਂ ਸਰਕਾਰਾਂ ਸਾਂਝੇ ਤੌਰ 'ਤੇ ਵੀ ਕੋਈ ਬਦਲਾਓ ਪ੍ਰਸਤਾਵਤ ਕਰਨਾ ਚਾਹੁੰਦੀਆਂ ਹੋਣ।

ਟੈਕਸ ਆਮਦਨ ਤੇ ਮੁਆਵਜ਼ੇ ਦਾ ਮਸਲਾ ਸੂਬਿਆਂ ਦੀ ਵਿੱਤੀ ਸਿਹਤ ਲਈ ਬੇਹੱਦ ਨਾਜ਼ੁਕ ਹੈ। ਸੂਬਿਆਂ ਨੂੰ ਕਰਾਂ ਤੋਂ ਹੋਣ ਵਾ਼ਲੀ ਆਮਦਨ ਕੁੱਲ ਮੁਲਕ ਵਿਚੋਂ ਇਕੱਠੀ ਹੁੰਦੀ ਕਰ ਆਮਦਨ ਦਾ 38% ਬਣਦੀ ਹੈ ਜਦਕਿ ਕੁੱਲ ਸਰਕਾਰੀ ਖਰਚਿਆਂ ਵਿਚ ਇਨ੍ਹਾਂ ਦਾ ਹਿੱਸਾ 58% ਹੈ। ਉੱਪਰੋਂ ਕੇਂਦਰ ਨੇ ਸਾਰੇ ਮਹੱਤਵਪੂਰਨ ਕਰ ਜਿਵੇਂ ਨਿੱਜੀ ਆਮਦਨ ਕਰ, ਕਾਰਪੋਰੇਟ ਕਰ, ਬਰਾਮਦਾਂ ਤੇ ਦਰਾਮਦਾਂ 'ਤੇ ਲੱਗਣ ਵਾ਼ਲੀ ਚੁੰਗੀ, ਐਕਸਾਈਜ਼ ਚੁੰਗੀ ਤੇ ਸੇਵਾ ਕਰ ਦੀ ਆਮਦਨ ਆਪਣੇ ਕੋ਼ਲ ਰੱਖੀ ਹੈ। ਇਸ ਦੇ ਬਾਵਜੂਦ ਕਈ ਦਹਾਕਿਆਂ ਤੋਂ ਕਰਾਂ ਦੀ ਕੁੱਲ ਆਮਦਨ ਕੁੱਲ ਘਰੇਲੂ ਪੈਦਾਵਾਰ ਦੇ 11% 'ਤੇ ਹੀ ਸਥਿਰ ਹੈ। ਅਜਿਹੀ ਨਾ-ਬਰਾਬਰ ਵੰਡ ਕਰਕੇ ਸੂਬਿਆਂ ਤੇ ਭਾਰੀ ਵਿੱਤੀ ਦਬਾਅ ਹੈ ਅਤੇ ਉਹ ਕਰਜ਼ੇ ਥੱਲੇ ਦਬ ਰਹੇ ਹਨ। ਸੂਬਾ ਸਰਕਾਰਾਂ ਦੀਆਂ ਗਲਤ ਨੀਤੀਆਂ ਨੇ ਇਸ ਹਾਲਤ ਨੂੰ ਹੋਰ ਖਰਾਬ ਕਰਨ ਵਿਚ ਹੀ ਹਿੱਸਾ ਪਾਇਆ ਹੈ। ਇਸ ਵੇ਼ਲੇ ਸੂਬਿਆਂ ਸਿਰ ਕਰਜ਼ਾ 52 ਲੱਖ ਕਰੋੜ ਤੋਂ ਪਾਰ ਹੈ ਤੇ ਲੌਕਡਾਊਨ ਕਰਕੇ ਇਹ ਹਾਲਤ ਹੋਰ ਗੰਭੀਰ ਹੋਈ ਹੈ।

ਜੇਕਰ ਜੀਐੱਸਟੀ ਦੀ ਪ੍ਰਣਾਲੀ ਨੂੰ ਬਚਾਉਣਾ ਹੈ ਤਾਂ ਕੇਂਦਰਵਾਦੀ ਰੁਚੀਆਂ ਤੋਂ ਬਚਣ ਅਤੇ ਸੂਬਾ ਸਰਕਾਰਾਂ ਨਾਲ ਬਰਾਬਰੀ ਦੇ ਆਧਾਰ ਤੇ ਸੰਵਾਦ ਕਰਨ ਦੀ ਜ਼ਰੂਰਤ ਹੈ। ਕੇਂਦਰ ਅਤੇ ਸੂਬਿਆਂ ਦਰਮਿਆਨ ਵਧੀ ਇਸ ਵੰਡ ਨੂੰ ਕੁਝ ਨਵੀਆਂ ਘਟਨਾਵਾਂ ਹੋਰ ਵਧਾ ਸਕਦੀਆਂ ਹਨ; ਜਿਵੇਂ ਸਿੱਕਮ ਸਰਕਾਰ ਨੇ ਕੇਂਦਰ ਕੋਲੋਂ ਮੰਗ ਕੀਤੀ ਹੈ ਕਿ ਡਿੱਗਦੀ ਆਮਦਨ ਨਾ਼ਲ ਨਜਿੱਠਣ ਲਈ ਉਨ੍ਹਾਂ ਨੂੰ ਖੁਦ ਦਾ ਸੂਬਾਈ ਸੈੱਸ ਲਾਉਣ ਦੀ ਖੁੱਲ੍ਹ ਦਿੱਤੀ ਜਾਵੇ। ਅਜਿਹੀ ਮੰਗ ਦੀ ਹਮਾਇਤ ਤਾਮਿਲਨਾਡੂ, ਅਰੁਣਾਚਲ ਪ੍ਰਦੇਸ਼ ਤੇ ਹੋਰ ਸੂਬੇ ਵੀ ਕਰ ਰਹੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਇਹ ਜੀਐੱਸਟੀ ਪ੍ਰਣਾਲੀ ਦੀ ਬੁਨਿਆਦ ਤੇ ਫੈਸਲਾਕੁਨ ਸੱਟ ਹੋਵੇਗੀ ਜਿਸ ਦਾ ਮਕਸਦ ਹੀ ਵੱਖ ਵੱਖ ਤਰ੍ਹਾਂ ਦੇ ਸੂਬਾਈ/ਸਥਾਨਕ ਟੈਕਸਾਂ ਨੂੰ ਖਤਮ ਕਰਕੇ ਇੱਕਸਾਰ ਪ੍ਰਣਾਲੀ ਲਾਗੂ ਕਰਨਾ ਸੀ। ਅੱਗੇ ਇਸ ਪ੍ਰਣਾਲੀ ਦਾ ਕੀ ਬਣੇਗਾ, ਇਹ ਤਾਂ ਕੇਂਦਰ ਤੇ ਸੂਬਿਆਂ ਦਾ ਰੁਖ਼ ਹੀ ਦੱਸੇਗਾ ਪਰ ਇਹ ਤੈਅ ਹੈ ਕਿ ਮੌਜੂਦਾ ਮਾਹੌਲ ਅੰਦਰ ਕੋਈ ਵੀ ਅਜਿਹਾ ਇੱਕਸਾਰ ਕਾਨੂੰਨ ਲਾਗੂ ਕਰ ਸਕਣਾ, ਆਪਣੇ ਤੋਂ ਹੇਠਲੀਆਂ ਇਕਾਈਆਂ ਤੇ ਮੜ੍ਹਨਾ ਅੰਸਭਵ ਹੈ। ਇਹ ਟਕਰਾਓ ਨੂੰ ਹੋਰ ਵਧਾਵੇਗਾ।

**ਮਾਨਵ**
**ਸੰਪਰਕ: 98888-08188**

# ਭਾਰਤ ਵਿਚ ਨਵੀਆਂ ਆਰਥਿਕ ਨੀਤੀਆਂ ਦੇ ਤੀਹ ਸਾਲ



ਨਰਸਿਮ੍ਹਾ ਰਾਓ ਸਰਕਾਰ ਵੱਲੋਂ ਮੁਲਕ ਦੀ ਸੱਤਾ ਸੰਭਾਲਣ ਅਤੇ ਭਾਰਤੀ ਅਰਥਚਾਰੇ ਵਿਚ ਵਿਆਪਕ ਤਬਦੀਲੀਆਂ ਕੀਤੇ ਜਾਣ ਦੇ ਤਿੰਨ ਦਹਾਕੇ ਪੂਰੇ ਹੋ ਗਏ ਹਨ। ਇਨ੍ਹਾਂ ਸੁਧਾਰਾਂ ਨੇ ਭਾਰਤੀ ਅਰਥਚਾਰੇ ਦੀ ਦਿਸ਼ਾ ਅਤੇ ਦਸ਼ਾ ਬਦਲ ਦਿੱਤੀ। ਇਨ੍ਹਾਂ ਤੀਹ ਸਾਲਾਂ ਦੌਰਾਨ ਆਲਮੀ ਅਰਥਚਾਰੇ ਵਿਚ ਭਾਰਤ ਦਾ ਹਿੱਸਾ 1.1 ਫ਼ੀਸਦੀ ਤੋਂ ਤਿੱਗਣਾ ਵਧ ਕੇ 3.3 ਫ਼ੀਸਦੀ ਹੋ ਗਿਆ। ਇਸ ਵੇਲੇ ਅਮਰੀਕੀ ਡਾਲਰ ਦੇ ਹਿਸਾਬ ਨਾਲ ਭਾਰਤੀ ਅਰਥਚਾਰਾ 11 ਗੁਣਾ ਵਧ ਚੁੱਕਾ ਹੈ ਅਤੇ ਇਸ ਮਾਮਲੇ ਵਿਚ ਸਿਰਫ਼ ਚੀਨ ਤੇ ਵੀਅਤਨਾਮ ਦੀ ਕਾਰਗੁਜ਼ਾਰੀ ਹੀ ਭਾਰਤ ਤੋਂ ਬਿਹਤਰ ਹੈ। ਦੂਜੇ ਪਾਸੇ ਮੁੱਖ ਮਨੁੱਖੀ ਵਿਕਾਸ ਸੰਕੇਤਕਾਂ (ਜਿਨ੍ਹਾਂ ਵਿਚ ਮੁੱਖ ਤੌਰ 'ਤੇ ਜ਼ਿੰਦਗੀ ਦੀ ਉਮੀਦ ਅਤੇ ਸਾਖਰਤਾ ਸ਼ਾਮਲ ਹਨ) ਦੇ ਪੱਖ ਤੋਂ ਭਾਰਤ ਨੇ 'ਦਰਮਿਆਨੇ ਵਿਕਾਸ' ਦੇ ਵਰਗ ਵਿਚ ਸ਼ਾਮਲ ਮੁਲਕਾਂ ਦੀ ਔਸਤ ਤੋਂ ਰਤਾ ਕੁ ਹੀ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ। ਉਮੀਦ ਹੈ ਕਿ ਭਾਰਤ ਸੰਸਾਰ ਦੇ 12ਵੇਂ ਸਭ ਤੋਂ ਵੱਡੇ ਅਰਥਚਾਰੇ ਤੋਂ ਉਪਰ ਉਠ ਕੇ ਇਸ ਸਾਲ ਛੇਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ।

ਪਿਛਲਝਾਤ ਦੇ ਪੱਖ ਤੋਂ ਇਹ ਵਧੀਆ ਰਿਕਾਰਡ ਹੈ। ਇਸ ਸਮੇਂ ਦੌਰਾਨ ਹੋਰ ਮੁਲਕਾਂ ਨੇ ਕਿਹੋ ਜਿਹੀ ਕਾਰਗੁਜ਼ਾਰੀ ਦਿਖਾਈ ਤੇ ਇਸ ਦੇ ਮੁਕਾਬਲੇ ਭਾਰਤ ਦੇ ਆਪਣੇ ਪਿਛਲੇ ਤਿੰਨ ਦਹਾਕੇ ਕਿਵੇਂ ਲੰਘੇ, ਤਾਂ ਇਸ ਬਾਬਤ ਆਖਿਆ ਜਾ ਸਕਦਾ ਹੈ ਕਿ ਜੋ ਹੋਣਾ ਚਾਹੀਦਾ ਸੀ ਤੇ ਜੋ ਕਰਨਾ ਸੰਭਵ ਸੀ, ਕਾਰਗੁਜ਼ਾਰੀ ਉਸ ਤੋਂ ਕਾਫ਼ੀ ਘੱਟ ਰਹੀ। ਇਸ ਦੌਰਾਨ ਬੜੀ ਵੱਡੀ ਗਿਣਤੀ ਗ਼ਰੀਬੀ ਰੇਖਾ ਤੋਂ ਉਪਰ ਉਠੀ ਹੈ। ਇਸ ਦੇ ਬਾਵਜੂਦ, ਅਫ਼ਰੀਕਾ ਨੂੰ ਛੱਡ ਕੇ ਬਾਕੀ ਸੰਸਾਰ ਵਿਚੋਂ ਭਾਰਤੀ ਆਬਾਦੀ ਦਾ ਸਭ ਤੋਂ ਵੱਡਾ ਹਿੱਸਾ ਅਜੇ ਵੀ ਗ਼ਰੀਬ ਹੈ, ਭਾਵੇਂ ਆਲਮੀ ਪੱਧਰ ਉਤੇ ਵਿਆਪਕ ਗ਼ਰੀਬੀ ਪੱਖੋਂ ਹੁਣ ਪਹਿਲਾ ਸਥਾਨ ਏਸ਼ੀਆ ਦੀ ਥਾਂ ਅਫ਼ਰੀਕਾ ਨੇ ਮੱਲ ਲਿਆ ਹੈ। ਪ੍ਰਤੀ ਵਿਅਕਤੀ ਆਮਦਨ ਦੇ ਲਿਹਾਜ਼ ਨਾਲ ਜਿਨ੍ਹਾਂ 150 ਮੁਲਕਾਂ ਦੇ ਅਰਥਚਾਰਿਆਂ ਦੇ ਕੌਮਾਂਤਰੀ ਮੁਦਰਾ ਕੋਸ਼ ਕੋਲ 1990 ਵਿਚ ਅੰਕੜੇ ਮੌਜੂਦ ਸਨ, ਉਨ੍ਹਾਂ ਵਿਚੋਂ 90 ਫ਼ੀਸਦ ਮੁਲਕਾਂ ਦੀ ਕਾਰਗੁਜ਼ਾਰੀ ਭਾਰਤ ਨਾਲੋਂ ਬਿਹਤਰ ਰਹੀ ਹੈ। ਅੱਜ ਕਰੀਬ 195 ਮੁਲਕਾਂ ਵਿਚੋਂ 75 ਫ਼ੀਸਦ ਦੀ ਕਾਰਗੁਜ਼ਾਰੀ ਭਾਰਤ ਨਾਲੋਂ ਬਿਹਤਰ ਹੈ। ਦੂਜੇ ਪਾਸੇ ਅੱਜ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਆਲਮੀ ਔਸਤ ਦੇ ਪੰਜਵੇਂ ਹਿੱਸੇ (20 ਫ਼ੀਸਦੀ) ਤੋਂ ਵੀ ਘੱਟ ਹੈ। ਜ਼ਾਹਰਾ ਤੌਰ 'ਤੇ ਮੁਲਕ ਵਿਚ ਆਰਥਿਕ ਨਾ-ਬਰਾਬਰੀ ਵਿਚ ਭਾਰੀ ਵਾਧਾ ਹੋਇਆ ਹੈ ਪਰ 2011 ਤੋਂ ਬਾਅਦ ਇਸ ਮੁਤੱਲਕ ਭਰੋਸੇਯੋਗ ਅੰਕੜੇ ਹੀ ਨਹੀਂ ਹਨ।

ਬੀਤੇ 30 ਸਾਲਾਂ ਦੀ ਕਹਾਣੀ ਇਕਸਾਰ ਨਹੀਂ ਚੱਲਦੀ। ਪਹਿਲੇ ਦੋ ਦਹਾਕਿਆਂ ਵਿਚ ਤੀਜੇ ਅਤੇ ਪਿਛਲੇ ਦਹਾਕੇ (2011-21) ਦੇ ਮੁਕਾਬਲੇ ਕਾਰਗੁਜ਼ਾਰੀ ਬਿਹਤਰ ਰਹੀ। ਜਿਨ੍ਹਾਂ ਬਹੁਤ ਸਾਰੇ ਮੁਲਕਾਂ ਨੂੰ ਪਹਿਲਾਂ ਭਾਰਤ ਨੇ ਆਪਣੀ ਤੇਜ਼ ਰਫ਼ਤਾਰੀ ਨਾਲ ਪਛਾੜ ਦਿੱਤਾ ਸੀ, ਹੁਣ ਸਾਡੇ ਨਾਲੋਂ ਅੱਗੇ ਲੰਘ ਰਹੇ ਹਨ; ਨਾ ਸਿਰਫ਼ ਬੰਗਲਾਦੇਸ਼ ਸਗੋਂ ਫਿਲਪੀਨਜ਼ ਤੱਕ ਵੀ ਅਤੇ ਯਕੀਨਨ ਚੀਨ ਤੇ ਵੀਅਤਨਾਮ ਤਾਂ ਹਨ ਹੀ। ਹਾਂ, ਜਦੋਂ ਅਸੀਂ 2011-21 ਦੇ ਅਰਸੇ ਦੌਰਾਨ ਭਾਰਤ ਦੀ ਤੁਲਨਾ ਲਾਤੀਨੀ ਅਮਰੀਕਾ ਦੀ ਡਿੱਗਦੀ ਜੀਡੀਪੀ ਨਾਲ ਕਰਦੇ ਹਾਂ, ਜਾਂ ਸਬ-ਸਹਾਰਨ ਅਫ਼ਰੀਕਾ ਦੇ ਸੰਕਟਾਂ ਵੱਲ ਦੇਖਦੇ ਹਾਂ, ਤੇ ਨਾਲ ਹੀ ਆਸੀਆਨ-5 ਦੀ ਮਾੜੀ ਕਾਰਗੁਜ਼ਾਰੀ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਭਾਰਤ ਦੀ ਹਾਲਤ ਕੁਝ ਬਿਹਤਰ ਜਾਪਦੀ ਹੈ। ਉਂਜ, ਅਸੀਂ ਇਸ ਗੱਲ ਨੂੰ ਵੀ ਨਹੀਂ ਭੁਲਾ ਸਕਦੇ ਕਿ 2001 ਵਿਚ ਭਾਰਤ ਦੀ ਜੀਡੀਪੀ ਚੀਨ ਦੀ ਜੀਡੀਪੀ ਦਾ 37 ਫ਼ੀਸਦੀ ਸੀ ਅਤੇ ਅੱਜ ਦੋ ਦਹਾਕਿਆਂ ਬਾਅਦ ਇਹ ਅੱਧੀ ਘਟ ਕੇ 18 ਫ਼ੀਸਦੀ ਰਹਿ ਗਈ ਹੈ। ਆਲਮੀ ਅਰਥਚਾਰੇ ਵਿਚ ਭਾਰਤ ਦੇ ਵਧਦੇ ਯੋਗਦਾਨ ਨੇ ਇਸ ਨੂੰ ਕੌਮਾਂਤਰੀ ਪੱਧਰ 'ਤੇ ਕਾਫ਼ੀ ਵਜ਼ਨ ਦਿਵਾਇਆ ਪਰ ਇਹ ਚੀਨ ਨਾਲ ਤਾਕਤ ਦਾ ਤਵਾਜ਼ਨ ਕਾਇਮ ਰੱਖਣ ਪੱਖੋਂ ਬੁਰੀ ਤਰ੍ਹਾਂ ਮਾਤ ਖਾ ਗਿਆ।

ਇਸ ਤਰ੍ਹਾਂ ਸਾਲ 2011 ਤੋਂ ਬਾਅਦ ਦੇ ਦੌਰ ਵਿਚ ਭਾਰਤੀ ਅਰਥਚਾਰੇ ਦੀ ਮੁਕਾਬਲਤਨ ਢਿੱਲੀ-ਮੱਠੀ ਕਾਰਗੁਜ਼ਾਰੀ ਤੋਂ ਬਾਅਦ ਇਸ ਨੂੰ ਠੁੰਮਣਾ ਦੇ ਕੇ ਅੱਗੇ ਵਧਾਉਣ ਦਾ ਕੰਮ ਤਾਂ ਪਹਿਲਾਂ ਹੀ ਕਾਫ਼ੀ ਔਖਾ ਹੋਣਾ ਸੀ ਪਰ ਆਲਮੀ ਮਹਾਮਾਰੀ ਨੇ ਤਾਂ ਹਾਲਾਤ ਹੋਰ ਵੀ ਵਿਗਾੜ ਕੇ ਰੱਖ ਦਿੱਤੇ ਹਨ ਤੇ ਇਹ ਚੁਣੌਤੀ ਹੋਰ ਕਿਤੇ ਵਡੇਰੀ ਹੋ ਗਈ ਹੈ। ਰੁਜ਼ਗਾਰ ਤਾਂ ਪਹਿਲਾਂ ਹੀ ਸਾਡੀ ਨਾਕਾਮੀ ਵਾਲਾ ਖੇਤਰ ਹੈ; ਹੁਣ ਤਾਂ ਹਾਲਤ ਦੋ ਸਾਲ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਮਾੜੀ ਹੈ। ਲੱਖਾਂ ਹੀ ਲੋਕ ਮੁੜ ਗ਼ੁਰਬਤ ਵਿਚ ਗ਼ਰਕ ਗਏ ਅਤੇ ਜਾਪਦਾ ਨਹੀਂ ਕਿ ਜਿਹੜੇ ਲੱਖਾਂ ਹੀ ਛੋਟੇ ਕਾਰੋਬਾਰ ਬੰਦ ਹੋਏ ਹਨ, ਉਹ ਮੁੜ ਖੁੱਲ੍ਹ ਸਕਣਗੇ। ਅਰਥਚਾਰੇ ਵਿਚ ਦਵੈਤਵਾਦ ਜ਼ੋਰ ਫੜ ਰਿਹਾ ਹੈ।

ਅਰਥਚਾਰੇ ਨੂੰ ਅੱਜ ਜਿਸ ਚੀਜ਼ ਦੀ ਸਭ ਤੋਂ ਵੱਧ ਲੋੜ ਹੈ, ਉਹ ਹੈ ਪੈਦਾਵਾਰ ਨੂੰ ਹੁਲਾਰਾ ਅਤੇ ਸਾਫ਼-ਸੁਥਰਾ ਵਾਜਬ ਪ੍ਰਬੰਧ। ਮੋਦੀ ਸਰਕਾਰ ਵੱਲੋਂ ਭੌਤਿਕ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਭਲਾਈ ਸਕੀਮਾਂ ਉਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਦੋਵਾਂ ਦੀ ਲੋੜ ਹੈ ਤੇ ਇਨ੍ਹਾਂ ਦਾ ਸਵਾਗਤ ਹੋਣਾ ਚਾਹੀਦਾ ਹੈ ਪਰ ਇਹ ਕਦਮ ਮਨੁੱਖੀ ਵਸੀਲਿਆਂ ਦੇ ਮਿਆਰ ਵਿਚ ਲੋੜੀਂਦੇ ਭਾਰੀ ਸੁਧਾਰਾਂ ਦਾ ਬਦਲ ਨਹੀਂ ਹੋ ਸਕਦੇ, ਕਿਉਂਕਿ ਇਹੋ ਉਹ ਚੀਜ਼ ਹੈ ਜਿਸ ਨੇ ਅੱਧੀ ਸਦੀ ਪਹਿਲਾਂ ਪੂਰਬੀ ਏਸ਼ੀਆ ਦੇ ਕਾਇਆ ਕਲਪ ਦੀ ਨੀਂਹ ਰੱਖੀ ਸੀ। ਦੇਸ਼ ਦਾ ਅਰਥਚਾਰਾ 5 ਖਰਬ ਡਾਲਰ ਦਾ ਬਣਾਉਣ ਦੀਆਂ ਗੱਲਾਂ ਤਾਂ ਕੀਤੀਆਂ ਜਾਂਦੀਆਂ ਹਨ ਪਰ ਕਦੇ ਵੀ ਤੇਜ਼ੀ ਨਾਲ ਸਾਖਰਤਾ ਦਰ ਨੂੰ 74 ਫ਼ੀਸਦੀ ਤੋਂ 100 ਫ਼ੀਸਦੀ ਉਤੇ ਲਿਜਾਣ ਬਾਰੇ ਨਹੀਂ ਸੋਚਿਆ ਜਾਂਦਾ ਅਤੇ ਨਾ ਹੀ ਕਦੇ ਸਿਹਤ ਬੁਨਿਆਦੀ ਢਾਂਚੇ ਵਿਚ ਵਿਆਪਕ ਸੁਧਾਰਾਂ ਦੀ ਗੱਲ ਹੁੰਦੀ ਹੈ, ਜਦੋਂਕਿ ਮਹਾਮਾਰੀ ਨੇ ਮੁਲਕ ਦੇ ਸਿਹਤ ਢਾਂਚੇ ਦਾ ਭਾਂਡਾ ਭੰਨ ਕੇ ਰੱਖ ਦਿੱਤਾ ਹੈ।

ਵਧੀਆ ਚੱਲਦਾ ਕਰਜ਼ ਢਾਂਚਾ ਜਿਹੜਾ ਸਾਰੇ ਵਰਗਾਂ ਦੇ ਕਰਜ਼ਦਾਰਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੋਵੇ, ਅਜੇ ਵੀ ਸੁਪਨਾ ਹੀ ਹੈ। ਦੂਜੇ ਪਾਸੇ ਕਰਜ਼ ਦੇਣ ਵਾਲਿਆਂ ਨੂੰ ਆਪਣੇ ਦਿੱਤੇ ਕਰਜ਼ ਦਾ ਦੀਵਾਲੀਆਪਣ ਪ੍ਰਕਿਰਿਆ ਤੋਂ ਬਾਅਦ ਮਿਲਣ ਵਾਲਾ ਛੋਟਾ ਜਿਹਾ ਹਿੱਸਾ ਹਾਲਾਤ ਨੂੰ ਹੋਰ ਵਿਗਾੜਦਾ ਹੈ। ਹੁਣ ਤਾਂ ਕਰਜ਼ ਨਾ ਮੋੜਨ ਦੀ ਤਾਜ਼ਾ ਜ਼ੋਰਦਾਰ ਲਹਿਰ ਆਉਣ ਦੇ ਪੂਰੇ ਆਸਾਰ ਹਨ। ਜਦੋਂ ਕਾਰੋਬਾਰ ਹੀ ਬੁਰੀ ਹਾਲਤ ਵਿਚ ਹੋਣ ਤਾਂ ਇਸ ਪੱਖ ਤੋਂ ਚੰਗੇ ਦੀ ਉਮੀਦ ਹੀ ਨਹੀਂ ਕੀਤੀ ਜਾ ਸਕਦੀ।

ਇਸ ਲਈ ਆਰਥਿਕ ਹੀ ਨਹੀਂ ਸਗੋਂ ਭਲਾਈ ਦੇ ਪੱਖ ਤੋਂ ਵੀ ਕੀਤਾ ਜਾਣ ਵਾਲਾ ਸਭ ਤੋਂ ਅਹਿਮ ਕੰਮ ਹੈ ਲੋਕਾਂ ਨੂੰ ਮੁੜ ਕੰਮ ਉਤੇ ਲਿਆਉਣਾ ਅਤੇ ਰੁਜ਼ਗਾਰ ਵਧਾਉਣ ਵਾਲੀਆਂ ਸਰਗਰਮੀਆਂ ਨੂੰ ਹੁਲਾਰਾ ਦੇਣਾ। ਅਜਿਹਾ ਕੁਝ ਨਾ ਤਾਂ ਬੀਤੇ 30 ਸਾਲਾਂ ਦੌਰਾਨ ਕੀਤਾ ਗਿਆ ਹੈ ਅਤੇ ਨਾ ਹੀ ਉਨ੍ਹਾਂ ਤੋਂ ਪਹਿਲੇ 30 ਵਰ੍ਹਿਆਂ ਦੌਰਾਨ। ਆਗਾਮੀ 30 ਸਾਲਾਂ ਦੀ ਹੋਣੀ ਵੀ ਇਸੇ ਮੁੱਦੇ ਉਤੇ ਨਿਰਭਰ ਕਰਦੀ ਹੈ।

**ਟੀਐੱਨ ਨੈਨਾਨ**
***ਲੇਖਕ ਆਰਥਿਕ ਮਾਮਲਿਆਂ ਦਾ ਮਾਹਿਰ ਹੈ।**

## ਮਹਿਲਾ ਕ੍ਰਿਕਟ: ਇੰਗਲੈਂਡ ਨੇ ਭਾਰਤ ਨੂੰ ਅੱਠ ਵਿਕਟਾਂ ਨਾਲ ਹਰਾਇਆ




**ਬ੍ਰਿਸਟਲ।** ਇਥੇ ਖੇਡੇ ਗਏ ਪਹਿਲੇ ਇਕ ਰੋਜ਼ਾ ਕੌਮਾਂਤਰੀ ਕ੍ਰਿਕਟ ਮੈਚ ਵਿੱਚ ਐਤਵਾਰ ਨੂੰ ਇੰਗਲੈਂਡ ਨੇ ਭਾਰਤ ਨੂੰ ਅੱਠ ਵਿਕਟਾਂ ਨਾਲ ਹਰਾ ਦਿੱਤਾ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਅੱਠ ਵਿਕਟਾਂ 'ਤੇ 201 ਦੌੜਾਂ ਬਣਾਈਆਂ ਸਨ। ਇੰਗਲੈਂਡ ਨੇ 34.5 ਓਵਰਾਂ ਵਿੱਚ ਦੋ ਵਿਕਟਾਂ ਗੁਆ ਦੇ 202 ਦੌੜਾਂ ਬਣਾ ਨੇ ਤਿੰਨ ਮੈਚਾਂ ਦੀ ਲੜੀ ਵਿੱਚ 1-0 ਦੀ ਲੀਡ ਲੈ ਲਈ ਹੈ।

## ਵਿਧਾਇਕ ਹਰਜੋਤ ਕਮਲ ਦੀ ਫ਼ਿਲਮ ਜਗਤ ਵਿੱਚ ਐਂਟਰੀ

ਇੱਥੋਂ ਹਾਕਮ ਧਿਰ ਦੇ ਵਿਧਾਇਕ ਡਾ. ਹਰਜੋਤ ਕਮਲ ਨੇ ਅਦਾਕਾਰੀ 'ਚ ਐਂਟਰੀ ਕਰਨ ਨਾਲ ਸਿਆਸਤ 'ਚ ਨਵੀਂ ਚਰਚਾ ਛਿੜ ਗਈ ਹੈ। ਨੇੜਲੇ ਪਿੰਡਾਂ 'ਚ ਫ਼ਿਲਮਾਈ ਖੇਤੀ ਆਧਾਰਤ ਲਘੂ ਫ਼ਿਲਮ 'ਧਰਤੀ ਦਾ ਪੁੱਤ' ਵਿੱਚ ਵਿਧਾਇਕ ਨਵੇਂ ਰੂਪ ਵਿੱਚ ਦਿਖਾਈ ਦੇਣਗੇ ਜਦੋਂ ਕਿ ਮਸ਼ਹੂਰ ਟਿੱਕ ਟੌਕ ਨੇਹਾ ਕਪੂਰ ਫ਼ਿਲਮ 'ਚ ਅਦਾਕਾਰ ਦੀ ਭੂਮਿਕਾ ਨਿਭਾਵੇਗੀ।

ਵਿਧਾਇਕ ਡਾ. ਹਰਜੋਤ ਕਮਲ ਦੇ ਸ਼ੂਟਿੰਗ ਵਿੱਚ ਹਿੱਸਾ ਲੈਣ ਉੱਤੇ ਵਿਰੋਧੀ ਪਾਰਟੀਆਂ ਨੇ ਸੋਸ਼ਲ ਮੀਡੀਆ ਉੱਤੇ ਚਰਚਾ ਸ਼ੁਰੂ ਕਰ ਦਿੱਤੀ ਜਿਸ ਦਾ ਵਿਧਾਇਕ ਨੇ ਇਹ ਪ੍ਰਚਾਰ ਕਰਨ ਉੱਤੇ ਸਵਾਗਤ ਕੀਤਾ ਹੈ। ਫਿਲਮ ਨਿਰਮਾਤਾ ਜਗਦੇਵ ਸਿੰਘ ਮਾਨ ਹਨ ਅਤੇ ਇਸ ਪ੍ਰੋਡਕਸ਼ਨ ਟੀਮ ਵਿੱਚ 'ਦੀਆ ਬਾਤੀ' ਤੇ 'ਹਮ ਜੈਸੇ ਕਈ' ਸੀਰੀਅਲ 'ਚ ਕੰਮ ਕਰ ਚੁੱਕੇ ਸ਼ਕਤੀ ਇੰਦੋਰਿਆ, ਪ੍ਰੀਤ ਅਤੇ ਰਾਜਿੰਦਰ ਸਿੰਘ ਸ਼ਾਮਲ ਹਨ।

ਨਿਰਮਾਤਾ ਮਾਨ ਨੇ ਦੱਸਿਆ ਕਿ 13 ਲੜੀਵਾਰਾਂ ਵਿੱਚ ਤਿਆਰ ਕੀਤੇ ਜਾ ਰਹੇ ਇਸ ਸੀਰੀਅਲ ਵਿੱਚ, ਪੰਜਾਬ ਦੀ ਜਵਾਨੀ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਸ ਦਿਨ ਪੰਜਾਬ ਦੇ ਗੱਭਰੂ ਲਗਜ਼ਰੀ ਵਾਹਨਾਂ ਅਤੇ ਆਧੁਨਿਕ ਹਥਿਆਰਾਂ ਦਾ ਪ੍ਰਦਰਸ਼ਨ ਕਰ ਕੇ ਉਨ੍ਹਾਂ 'ਤੇ ਮਾਣ ਕਰਨਾ ਬੰਦ ਕਰ ਦੇਣਗੇ ਅਤੇ ਆਪਣੀ ਧਰਤੀ, ਆਪਣੀ ਖੇਤੀ ਦਾ ਮਾਣ ਕਰਨਾ ਸ਼ੁਰੂ ਕਰ ਦੇਣਗੇ ਉਸ ਦਿਨ ਪੰਜਾਬ ਦੀ ਫਿਰ ਤੋਂ ਖੁਸ਼ਹਾਲੀ ਦੀ ਨਵੀਂ ਕਹਾਣੀ ਸ਼ੁਰੂ ਹੋ ਜਾਵੇਗੀ।







ਉਨ੍ਹਾਂ ਮਸ਼ਹੂਰ ਹਾਸ ਵਿਅੰਗ ਕਵੀ ਸੁਰਿੰਦਰ ਸ਼ਰਮਾ ਦੀ ਰਚਨਾ ਦਾ ਹਵਾਲਾ ਦਿੰਦਿਆਂ ਕਿਹਾ,'ਜਦੋਂ ਤੱਕ ਅਸੀਂ ਆਪਣੇ ਕਾਰੋਬਾਰ ਦਾ ਆਦਰ ਕਰਦੇ ਹਾਂ, ਉਦੋਂ ਤੱਕ ਉਹ ਕਾਰੋਬਾਰ ਭਾਵੇਂ ਛੋਟੇ ਕਾਰੋਬਾਰ ਹੋਵੇ, ਪ੍ਰਫੁੱਲਤ ਰਹਿੰਦਾ ਹੈ। ਪੰਜਾਬੀਆਂ ਨੇ ਖੇਤੀ ਨੂੰ ਪਰਵਾਸੀ ਮਜ਼ਦੂਰਾਂ ਦੇ ਹਵਾਲੇ ਕਰ ਦਿੱਤਾ ਹੈ, ਉਸ ਦਿਨ ਤੋਂ ਹੀ ਖੇਤੀ ਘਾਟੇ ਦਾ ਸੌਦਾ ਬਣ ਗਈ ਹੈ।

## ਤੈਰਾਕੀ: 200 ਮੀਟਰ ਫ੍ਰੀਸਟਾਈਲ ਵਿੱਚ ਸਾਜਨ ਨੇ ਬਣਾਇਆ ਕੌਮੀ ਰਿਕਾਰਡ




**ਨਵੀਂ ਦਿੱਲੀ।** ਓਲੰਪਿਕ ਲਈ 'ਏ' ਕੈਟੇਗਰੀ ਹਾਸਲ ਕਰਨ ਦੇ ਇਕ ਦਿਨ ਮਗਰੋਂ ਤੈਰਾਕ ਸਾਜਨ ਪ੍ਰਕਾਸ਼ ਨੇ ਚੰਗਾ ਪ੍ਰਦਰਸ਼ਨ ਜਾਰੀ ਰੱਖਦਿਆਂ ਐਤਵਾਰ ਨੂੰ ਇਟਲੀ ਦੀ ਰਾਜਧਾਨੀ ਰੋਮ ਨਾਲ ਲਗਦੇ ਕੋਲੀ ਟਰਾਫ਼ੀ ਇਲਾਕੇ ਵਿੱਚ 200 ਮੀਟਿਰ ਫ੍ਰੀਸਟਾਈਲ ਮੁਕਾਬਲੇ ਵਿੱਚ ਨਵਾਂ ਕੌਮੀ ਰਿਕਾਰਡ ਬਣਾਇਆ ਹੈ। ਪ੍ਰਕਾਸ਼ ਨੇ ਕੌਮਾਂਤਰੀ ਤੈਰਾਕੀ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਓਲੰਪਿਕ ਕੁਆਲੀਫਾਇਰ ਵਿੱਚ 1:49:73 ਮਿੰਟ ਦਾ ਸਮਾਂ ਕੱਢਿਆ ਅਤੇ 2010 ਵਿੱਚ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੇ ਵੀਰਧਵਲ ਖਾੜੇ ਦਾ 1:49:86 ਸਕਿੰਟ ਦਾ ਪਿਛਲਾ ਕੌਮੀ ਰਿਕਾਰਡ ਤੋੜਿਆ। ਪ੍ਰਕਾਸ਼ ਦਾ ਇਹ ਇਸ ਮਹੀਨੇ ਵਿੱਚ ਤੀਜਾ ਕੌਮੀ ਰਿਕਾਰਡ ਹੈ। ਸ਼ਨਿਚਰਵਾਰ ਨੂੰ ਉਸ ਨੇ ਪੁਰਸ਼ਾਂ ਦੇ 200 ਮੀਟਿਰ ਬਟਰਫਲਾਈ ਮੁਕਾਬਲੇ ਵਿੱਚ 1: 56:38 ਮਿੰਟ ਨਾਲ ਰਿਕਾਰਡ ਸਮੇਂ ਵਿੱਚ ਓਲੰਪਿਕ ਕੁਆਲੀਫਾਇੰਗ ਟਾਈਮ ਹਾਸਲ ਕੀਤਾ ਸੀ। ਅਜਿਹਾ ਕਰਨ ਵਾਲਾ ਉਹ ਪਹਿਲਾ ਭਾਰਤੀ ਤੈਰਾਕ ਹੈ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਪੁਰਾਣੀ ਪੈਨਸਨ ਬਹਾਲੀ ਸੰਘਰਸ਼ ਕਮੇਟੀ ਵਲੋਂ ਜ਼ਿਲਾ ਪ੍ਰੀਸ਼ਦ ਚੇਅਰਮੈਨ ਨੂੰ ਦਿੱਤਾ ਮੰਗ ਪੱਤਰ



**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਪੁਰਾਣੀ ਪੈਨਸਨ ਬਹਾਲੀ ਸੰਘਰਸ਼ ਕਮੇਟੀ ਦੀ ਇਕ ਅਹਿਮ ਮੀਟਿੰਗ ਜਿਲਾ ਹੁਸ਼ਿਆਰਪੁਰ ਦੇ ਕਨਵਨੀਰ ਸੰਜੀਵ ਧੂਤ ਦੀ ਅਗਵਾਈ ਹੇਠ ਬੀ. ਡੀ. ਪੀ. ਓ. ਆਫਿਸ ਦਸੂਹਾ ਵਿਖੇ ਕੀਤੀ ਗਈ। ਜਿਸ ਵਿਚ ਸੂਬਾ ਕਨਵੀਨਰ ਜਸਵੀਰ ਤਲਵਾੜਾ ਜੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਦੇ ਚੇਅਰਮੈਨ ਦੇਵਰਾਜ ਸਿੰਘ ਜੀ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਮੰਗ ਪੱਤਰ ਦਿੱਤਾ ਗਿਆ ਚੇਅਰਮੈਨ ਸਾਹਿਬ ਨੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸਰਕਾਰ ਤੱਕ ਪਹੁੰਚਾਉਣ ਅਤੇ ਪੁਰਾਣੀ ਪੈਨਸ਼ਨ ਲਾਗੂ ਕਰਨ ਲਈ ਹਰ ਸੰਭਵ ਸਹਾਇਤਾ ਦਾ ਆਸ਼ਵਾਸਨ ਦਿੱਤਾ। ਇਸ ਮੌਕੇ ਬੋਲਦਿਆਂ ਜਸਵੀਰ ਤਲਵਾੜਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਆਪਣੇ ਕੀਤੇ ਗਏ ਵਾਅਦੇ ਅਨੁਸਾਰ 1-01-2004 ਤੋਂ ਬੰਦ ਪਈ ਪੁਰਾਣੀ ਪੈਨਸਨ ਦੀ ਬਹਾਲੀ ਵਾਲਾ ਪੱਤਰ ਜਲਦੀ ਜਾਰੀ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿਚ ਤਿੱਖੇ ਐਕਸਨ ਕੀਤੇ ਜਾਣਗੇ ਅਤੇ ਕਾਂਗਰਸ ਦੇ ਵਿਧਾਇਕਾਂ ਅਤੇ ਮੰਤਰੀਆਂ ਦਾ ਜਬਰਦਸਤ ਘੇਰਾਓ ਕੀਤੇ ਜਾਣਗੇ। ਸੂਬਾ ਆਗੂ ਵਰਿੰਦਰ ਵਿੱਕੀ, ਤਿਲਕ ਰਾਜ ਜਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਪੈਨਸਨ ਕਰਮਚਾਰੀਆਂ ਦਾ ਹੱਕ ਹੈ ਤੇ ਉਹ ਇਸ ਨੂੰ ਹਾਸਿਲ ਕਰਕੇ ਹੀ ਦਮ ਲੈਣਗੇ। ਪਰ ਇਸ ਦੇ ਨਾਲ ਹੀ ਕੈਪਟਨ ਸਰਕਾਰ ਨੂੰ ਚੋਥੇ ਐਨ ਪੀ ਐੱਸ ਬਿੱਲ 2004, ਜੋ ਕਿ ਭਾਜਪਾ ਨੇ 2004 ਵਿਚ ਪਾਸ ਕੀਤਾ ਸੀ,ਨੂੰ ਵੀ ਪੰਜਾਬ ਸਟੇਟ ਵਿਚੋਂ ਖਤਮ ਕਰਕੇ ਸੈਂਟਰ ਦੇ ਮੂੰਹ ਤੇ ਚਪੇੜ ਮਾਰਨੀ ਚਾਹੀਦੀ ਹੈ, ਨਾ.ਲੇ ਇਹ ਬਿੱਲ ਪੰਜਾਬ ਸਰਕਾਰ ਆਪਣੀ ਮਰਜੀ ਨਾਲ ਰੱਦ ਕਰ ਸਕਦੀ ਹੈ।ਸਹੀ ਅਰਥਾਂ ਵਿਚ ਜਦੋਂ ਪੰਜਾਬ ਸਰਕਾਰ ਜੇਕਰ ਐਨ ਪੀ ਐੱਸ 2004 ਨੂੰ ਸਟੇਟ ਵਿਚੋਂ ਰੱਦ ਕਰਕੇ ਪੁਰਾਣੀ ਪੈਨਸਨ ਦੀ ਬਹਾਲੀ ਕਰਦੀ ਹੈ ਤਾਂ ਹੀ ਆਪਣੇ ਆਪ ਨੂੰ ਲੋਕ ਹਿਤੈਸ਼ੀ ਸਿੱਧ ਕਰ ਸਕਦੀ ਹੈ।ਕੋ ਕੰਨਵਨੀਰ ਕਰਮਜੀਤ ਸਿੰਘ,ਹਬਿੰਦਰ ਸਿੰਘ,ਹਰਦੀਪ ਦੀਪਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਆਪਣੇ ਹੁਣ ਦੇ ਬਜਟ ਸੈਸ਼ਨ ਵਿਚ ਐਨ ਪੀ ਐੱਸ ਦਾ ਭੋਗ ਪਾ ਕੇ ਪੁਰਾਣੀ ਪੈਨਸਨ ਬਹਾਲੀ ਕਰਕੇ ਪੰਜਾਬ ਦੇ ਦੋ ਲੱਖ ਕਰਮਚਾਰੀਆਂ ਦਾ ਵਿਸ਼ਵਾਸ਼ ਜਿੱਤਣਾ ਚਾਹੀਦਾ ਹੈ।ਬਲਾਕ ਤਲਵਾੜਾ ਕਨਵੀਨਰ ਸ੍ਰੀ ਮਨਮੋਹਨ ਸਿੰਘ ਨੇ ਐੱਨਪੀਐੱਸ ਦੇ ਵਿੱਤੀ ਪੱਖ ਤੇ ਚਰਚਾ ਕੀਤੀ ਅਤੇ ਦੱਸਿਆ ਕਿ ਇਹ ਪੈਨਸ਼ਨ ਸਕੀਮ ਕਿਸੇ ਵੀ ਮੁਲਾਜ਼ਮ ਦੇ ਹੱਕ ਵਿੱਚ ਨਹੀਂ ਹੈ। ਜਸਬੀਰ ਬੋਦਲ,ਵਿਕਾਸ ਸ਼ਰਮਾ,ਬਲਦੇਵ ਟਾਂਡਾ,ਪ੍ਰਿੰਸ ਕੁਮਾਰ ਨੇ ਕਿਹਾ ਕਿ ਪੱਛਮੀ ਬੰਗਾਲ ਜੇਕਰ ਆਪਣੇ ਕਰਮਚਾਰੀਆਂ ਨੂੰ ਪੁਰਾਣੀ ਪੈਨਸਨ ਦੇ ਸਕਦਾ ਹੈ ਤਾਂ ਪੰਜਾਬ ਵਰਗਾ ਖੁਸ਼ਹਾਲ ਸੂਬਾ ਕਿਓ ਨਹੀਂ ਦੇ ਸਕਦਾ। ਸਤ ਪਰਕਾਸ਼ ਤੇ ਜੀਟੀਯੂ ਆਗੂ ਸ੍ਰੀ ਅਮਰ ਸਿੰਘ ਅਤੇ ਮੁਕੇਰੀਆਂ ਬਲਾਕ ਦੇ ਕਨਵੀਨਰ ਸ੍ਰੀ ਰਜਤ ਮਹਾਜਨ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ 11 ਜੁਲਾਈ ਤੋਂ ਪਹਿਲਾਂ ਤਕ ਪੁਰਾਣੀ ਪੈਨਸਨ ਨੂੰ ਬਹਾਲ ਨਾ ਕੀਤਾ ਤਾਂ ਬਲਾਕ, ਜਿਲਾ ਤੇ ਸਟੇਟ ਲੈਵਲ ਤੇ ਇਹੋ ਜਿਹੇ ਤਿੱਖੇ ਐਕਸਨ ਕੀਤੇ ਜਾਣਗੇ ਜੋਂ ਕੈਪਟਨ ਸਰਕਾਰ ਦੀਆਂ ਜੜ੍ਹਾਂ ਹਿਲਾ ਦੇਣਗੇ।

ਇਸ ਮੌਕੇ ਪੰਕਜ ਮਿੱਡਾ, ਚਮਨ ਲਾਲ, ਰਮਨ ਚੌਧਰੀ, ਡਾ ਰਾਜਦੀਪ , ਰਜੇਸ਼ ਕੁਮਾਰ, ਦਲਜੀਤ ਸਿੰਘ, ਪੰਕਜ ਪਰਮਾਰ, ਬ੍ਰਿਜਮੋਹਨ, ਜਸਵਿੰਦਰ ਸਿੰਘ, ਭੁਪਿੰਦਰ ਸਿੰਘ, ਸਤ ਪਾਲ, ਪਰਮਜੀਤ ਸਿੰਘ, ਸਤਵਿੰਦਰ ਸਿੰਘ, ਗੁਰਵਿੰਦਰ ਸਿੰਘ ,ਅਸ਼ੋਕ ਕੁਮਾਰ, ਜਸਵਿੰਦਰ ਪਾਲ ਸਿੰਘ, ਬਲਦੇਵ ਟਾਂਡਾ,ਗੁਰਮੁਖ ਬਾਲਾਲਾ,ਸੰਜੀਵ ਕੋਈ ਆਦਿ ਸਾਮਿਲ ਸਨ।

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ):** ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪਵਿੱਤਰ ਪ੍ਰਕਾਸ਼ ਪੁਰਬ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਇਸਤਰੀ ਸਤਿਸੰਗ ਸਭਾ ਅਤੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਧਾਰਮਿਕ ਜਥੇਬੰਦੀਆਂ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਜਿਸ ਦੇ ਸਬੰਧ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਦੀ ਅਰੰਭਤਾ ਭਾਈ ਵਿਕਰਮਜੀਤ ਸਿੰਘ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਕੀਤੀ ਗਈ। ਉਪਰੰਤ ਭਾਈ ਜਗਦੀਪ ਸਿੰਘ ਕਥਾ ਵਾਚਕ ਵੱਲੋਂ ਸੰਗਤਾਂ ਨਾਲ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਬਾਰੇ ਵੱਡਮੁੱਲੀ ਜਾਣਕਾਰੀ ਦੀ ਸਾਂਝ ਪਾਈ ਗਈ। ਅਖੀਰ ਵਿੱਚ ਭਾਈ ਦਵਿੰਦਰ ਸਿੰਘ ਜੀ ਹਜੂਰੀ ਰਾਗੀ ਸਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਆਪਣੀ ਰਸਭਿੰਨੀ ਰਸਨਾ ਤੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਸਮਾਗਮ ਦੀ ਸਮਾਪਤੀ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇ. ਰਣਜੀਤ ਸਿੰਘ ਕਾਹਲੋਂ ਅਤੇ ਮੈਨੇਜਰ ਸ. ਲਖਵੰਤ ਸਿੰਘ ਵੱਲੋਂ ਹਾਜਿਰ ਸਮੂਹ ਸੰਗਤਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਗਈ। ਇਸ ਸਮਾਗਮ ਵਿੱਚ ਨੌਜਵਾਨਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਪਕੋੜਿਆਂ ਦੇ ਲੰਗਰਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਗਈ। ਇਸ ਦੋਰਾਨ ਸਮਾਗਮ ਵਿੱਚ ਸਹਿਯੋਗ ਕਰਨ ਵਾਲੇ ਸਮੂਹ ਸਹਿਯੋਗੀਆਂ ਨੂੰ ਗੁਰੂਘਰ ਵੱਲੋਂ ਸਿਰੋਪਾਓ ਦੀ ਬਖ਼ਸ਼ਿਸ਼ ਦਿੱਤੀ ਗਈ। ਇਸ ਮੌਕੇ ਸੰਗਤਾਂ ਨੂੰ ਗੁਰੂ ਕਾ ਲੰਗਰ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਛਕਾਇਆ ਗਿਆ। ਇਸ ਮੌਕੇ ਜਥੇਦਾਰ ਰਣਜੀਤ ਸਿੰਘ ਕਾਹਲੋਂ, ਮੈਨੇਜਰ ਸ. ਲਖਵੰਤ ਸਿੰਘ, ਭਾਈ ਹਰੀਰਾਜ ਸਿੰਘ ਗ੍ਰੰਥੀ,



ਹਰਦੀਪ ਸਿੰਘ ਅਕਾਊਂਟੈਂਟ, ਰਛਪਾਲ ਸਿੰਘ ਮੁੰਡਾ ਪਿੰਡ, ਗੁਰਪ੍ਰੀਤ ਸਿੰਘ ਖਾਲਸਾ, ਤਜਿੰਦਰ ਸਿੰਘ ਖਾਲਸਾ, ਗੁਰਦਿੱਤ ਸਿੰਘ, ਹਰਵਿੰਦਰ ਸਿੰਘ ਰਿੰਕੂ, ਹਰਵਿੰਦਰ ਸਿੰਘ ਭੁਰਜੀ, ਹਰਜੋਧ ਸਿੰਘ, ਹਰਪ੍ਰੀਤ ਸਿੰਘ ਮਦਾਨ, ਅਵਤਾਰ ਸਿੰਘ, ਜਗਜੀਤ ਸਿੰਘ ਛਾਬੜਾ, ਗੁਰਸਾਗਰ ਸਿੰਘ, ਹਰਜੋਤ ਸਿੰਘ, ਅਮਰੀਕ ਸਿੰਘ, ਹਰਵਿੰਦਰ ਸਿੰਘ ਛਾਬੜਾ, ਪਰਮਜੀਤ ਸਿੰਘ, ਪਰਮਵੀਰ ਸਿੰਘ ਮਦਾਨ, ਲਖਵੀਰ ਸਿੰਘ, ਪ੍ਰਿਤਪਾਲ ਸਿੰਘ ਬਸਰਾ, ਕੁਲਵਿੰਦਰ ਸਿੰਘ, ਮਨਪ੍ਰੀਤ ਸਿੰਘ ਟੀਟੂ, ਗੁਰਪ੍ਰੀਤ ਸਿੰਘ ਝੀਤਾ, ਹਰਪ੍ਰੀਤ ਸਿੰਘ ਮਦਾਨ, ਸਿਮਰਨਪ੍ਰੀਤ ਸਿੰਘ, ਰਘੁਬੀਰ ਸਿੰਘ ਮਹਿਤਾ, ਮਨੀਕਰਨ ਸਿੰਘ, ਮਨਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਓਂਕਾਰ ਸਿੰਘ ਵਿਲਖੂ, ਬਲਬੀਰ ਸਿੰਘ, ਅਮਨਦੀਪ ਸਿੰਘ, ਸੁਰਜੀਤ ਸਿੰਘ ਟੋਨਾ, ਸੁਖਵੀਰ ਸਿੰਘ ਸੇਹਰਾ, ਪਰਮਜੀਤ ਸਿੰਘ ਮਦਾਨ, ਬੀਬੀ ਰਜਵੰਤ ਕੌਰ, ਬੀਬੀ ਪਵਨਦੀਪ ਕੌਰ, ਬੀਬੀ ਕੁਲਵੰਤ ਕੌਰ, ਬੀਬੀ ਕਮਲਜੀਤ ਕੌਰ, ਤੀਰਥ ਕੌਰ, ਮਨਜੀਤ ਕੌਰ, ਨਰਿੰਦਰ ਕੌਰ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਿਰ ਸਨ।

# ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਦੂਸਰਾ ਜਥੇਬੰਦਕ ਇਜਲਾਸ

## ਜਰਮਨਜੀਤ ਸਿੰਘ ਪ੍ਰਧਾਨ ਅਤੇ ਹਰਦੀਪ ਟੋਡਰਪੁਰ ਜਨਰਲ ਸਕੱਤਰ ਚੁਣੇ ਗਏ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਭੁਪਿੰਦਰ ਸਿੰਘ ਵੜੈਚ, ਮੁਕੇਸ਼ ਗੁਜਰਾਤੀ, ਮਮਤਾ ਸ਼ਰਮਾਂ, ਬਲਰਾਜ ਮੌੜ, ਰਛਪਾਲ ਸਿੰਘ, ਪਰਮਜੀਤ ਕੌਰ ਮਾਨ, ਗੁਰਮੀਤ ਸੁਖਪੁਰ, ਜੁਗਰਾਜ ਟੱਲੇਵਾਲ, ਗੁਰਪਿਆਰ ਕੋਟਲੀ ਅਤੇ ਪ੍ਰਕਾਸ਼ ਸਿੰਘ ਥੋਥੀਆਂ ਦੀ ਪ੍ਰਧਾਨਗੀ ਹੇਠ ਆਪਣਾ ਦੂਸਰਾ ਜਥੇਬੰਦਕ ਅਜਲਾਸ ਕੀਤਾ ਗਿਆ। ਇਜਲਾਸ ਦੌਰਾਨ ਸੰਬੋਧਨ ਕਰਦਿਆਂ ਜਰਮਨਜੀਤ ਸਿੰਘ ਛੱਜਲਵੱਡੀ, ਵਿਕਰਮਦੇਵ ਸਿੰਘ, ਸਤਪਾਲ ਭੈਣੀ, ਰਾਜੀਵ ਬਰਨਾਲਾ, ਬਲਵੀਰ ਸਿੰਘ ਸਿਵੀਆਂ ਅਤੇ ਅਜੀਤਪਾਲ ਸਿੰਘ ਨੇ ਕਿਹਾ ਕਿ ਦੇਸ਼ ਦੀਆਂ ਹਾਕਮ ਧਿਰਾਂ ਨੇ ਕਾਰਪੋਰੇਟ ਜਗਤ ਨਾਲ ਸਰਕਾਰੀ ਅਤੇ ਜਨਤਕ ਖੇਤਰ ਨੂੰ ਉਜਾੜਨ ਦੇ ਸਮਝੌਤੇ ਕਰਕੇ ਕਿਰਤੀਆਂ ਲਈ ਸਿੱਖਿਆ, ਸਿਹਤ ਅਤੇ ਪੱਕੇ ਰੁਜ਼ਗਾਰ ਦੇ ਦਰਵਾਜੇ ਹਮੇਸ਼ਾ ਲਈ ਬੰਦ ਕਰ ਦਿੱਤੇ ਹਨ। ਆਗੂਆਂ ਨੇ ਆਖਿਆ ਕਿ ਠੇਕੇਦਾਰੀ ਪ੍ਰਥਾ, ਆਊਟ ਸੋਰਸਿੰਗ ਅਤੇ ਮਾਣ ਭੱਤੇ ਵਾਲੇ ਰੁਜ਼ਗਾਰ ਕਾਰਨ ਦੇਸ਼ ਦੇ ਕਰੋੜਾਂ ਲੋਕ ਭੁੱਖੇ ਮਰਨ ਲਈ ਮਜ਼ਬੂਰ ਹਨ ਤਾਂ ਇਸ ਸਮੇਂ ਇਨਕਲਾਬੀ ਟਰੇਡ ਯੂਨੀਅਨਇਜ਼ਮ ਨੂੰ ਮਜ਼ਬੂਤ ਕਰਕੇ ਪਿਸ ਰਹੇ ਲੋਕਾਂ ਨੂੰ ਸੰਘਰਸ਼ ਦੇ ਪਿੜਾਂ ਅੰਦਰ ਲੈ ਕੇ ਆਉਣ ਦੀ ਲੋੜ ਹੈ। ਬੁਲਾਰਿਆਂ ਨੇ ਕੱਚੇ ਮੁਲਾਜ਼ਮਾਂ, ਆਸ਼ਾ ਵਰਕਰਾਂ, ਮਿਡ-ਡੇ-ਮੀਲ ਵਰਕਰਾਂ, ਜੰਗਲਾਤ ਵਰਕਰਾਂ, ਆਂਗਨਵਾੜੀ ਵਰਕਰਾਂ, ਆਊਟਸੋਰਸ ਮੁਲਾਜ਼ਮਾਂ, ਅਧਿਆਪਕਾਂ ਅਤੇ ਹੈਲਥ ਵਰਕਰਾਂ ਤੋਂ ਇਲਾਵਾ ਬੋਰਡਾਂ-ਕਾਰਪੋਰੇਸ਼ਨਾਂ ਅਤੇ ਮਿਊਂਸਪਲ ਕਮੇਟੀਆਂ ਦੇ ਕੱਚੇ ਮੁਲਾਜ਼ਮਾਂ ਅਤੇ ਕਾਲਜਾਂ-ਯੂਨੀਵਰਸਿਟੀਆਂ ਦੇ ਅਧਿਆਪਕਾਂ ਦੀਆਂ ਮੰਗਾਂ ਦਾ ਸਮਰੱਥਨ ਕਰਦਿਆਂ ਕਿਹਾ ਕਿ ਡੀ.ਐੱਮ.ਐੱਫ. ਇਹਨਾ ਲਿਤਾੜੇ ਹੋਏ ਵਰਕਰਾਂ ਦੀ ਬੁਲੰਦ ਆਵਾਜ਼ ਬਣ ਕੇ ਸੰਘਰਸ਼ਾਂ ਵਿੱਚ ਅੱਗੇ ਵੱਧ ਕੇ ਮੋਹਰੀ ਰੋਲ ਅਦਾ ਕਰੇਗੀ।

ਅਜਲਾਸ ਦੌਰਾਨ ਪੰਜਾਬ ਸਰਕਾਰ ਪਾਸੋਂ ਹਰੇਕ ਵਿਭਾਗ ਦੇ ਕੱਚੇ ਤੇ ਕੰਟਰੈਕਟ ਮੁਲਾਜ਼ਮਾਂ ਅਤੇ ਅਧਿਆਪਕਾਂ ਨੂੰ ਪੱਕਾ ਕਰਨ, ਮਿਡ-ਡੇ-ਮੀਲ ਅਤੇ ਆਸ਼ਾ ਵਰਕਰਾਂ ਨੂੰ ਘੱਟੋ-ਘੱਟ ਉਜ਼ਰਤਾਂ ਦੇ ਘੇਰੇ ਵਿੱਚ ਲਿਆਉਣ, ਛੇਵੇਂ ਪੇ-ਕਮਿਸ਼ਨ ਦੀਆਂ ਸਾਰੀਆਂ ਮੁਲਾਜ਼ਮ ਵਿਰੋਧੀ ਸਿਫਾਰਸ਼ਾਂ ਨੂੰ ਰੱਦ ਕਰਨ, 01-01-04 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਸਰਕਾਰੀ ਅਦਾਰਿਆਂ ਅੰਦਰ ਗਰੁੱਪ-ਸੀ ਤੇ ਗਰੁੱਪ-ਡੀ ਮੁਲਾਜ਼ਮਾਂ ਦੀਆਂ ਇੱਕ ਲੱਖ ਤੋਂ ਵੀ ਵਧੇਰੇ ਖਾਲੀ ਪਈਆਂ ਪੋਸਟਾਂ ਨੂੰ ਰੈਗੂਲਰ ਭਰਨ ਅਤੇ ਭਰਤੀ ਸਮੇਂ ਤਿੰਨ ਸਾਲ ਤੱਕ ਮੁਢਲੀ ਤਨਖਾਹ ਦੇਣ ਦੀ ਬਜਾਏ ਪੂਰੀ ਤਨਖਾਹ ਦੇਣ ਦੀ ਮੰਗ ਕੀਤੀ ਗਈ।

ਇਜਲਾਸ ਦੇ ਅੰਤ ਵਿੱਚ ਫੈਡਰੇਸ਼ਨ ਦੇ ਸੇਵਾ ਮੁਕਤ ਹੋ ਚੁੱਕੇ ਆਗੂਆਂ ਦਾ ਸਨਮਾਨ ਕਰਨ ਉਪਰੰਤ ਅਗਲੇ ਤਿੰਨ ਸਾਲਾਂ ਲਈ ਫੈਡਰੇਸ਼ਨ ਦੀ 15 ਮੈਂਬਰੀ ਆਹੁਦੇਦਾਰਾਂ ਦੀ ਸਕੱਤਰਰੇਤ ਸਮੇਤ ਕੁੱਲ 45 ਮੈਂਬਰੀ ਸੂਬਾ ਕਮੇਟੀ ਦੀ ਚੋਣ ਕੀਤੀ ਗਈ। ਇਸ ਦੌਰਾਨ ਜਰਮਨਜੀਤ ਸਿੰਘ ਪ੍ਰਧਾਨ, ਹਰਦੀਪ ਟੋਡਰਪੁਰ ਜਨਰਲ ਸਕੱਤਰ, ਹਰਿੰਦਰ ਦੁਸਾਂਝ ਵਿੱਤ ਸਕੱਤਰ, ਸੱਤਪਾਲ ਭੈਣੀ, ਗੁਰਮੀਤ ਸੁਖਪੁਰ, ਜਗਦੇਵ ਸਿੰਘ ਮਾਨਸਾ ਅਤੇ ਕਮਲਜੀਤ ਕੌਰ ਪੱਤੀ ਮੀਤ ਪ੍ਰਧਾਨ, ਲਖਵਿੰਦਰ ਕੌਰ ਫਰੀਦਕੋਟ ਜਥੇਬੰਦਕ ਸਕੱਤਰ, ਪਰਮਜੀਤ ਕੌਰ ਮਾਨ ਤੇ ਬਲਵੀਰ ਸਿਵੀਆਂ ਜੁਆਇੰਟ ਸਕੱਤਰ, ਅਜੀਬ ਦਿਵੇਦੀ ਪ੍ਰੈੱਸ ਸਕੱਤਰ, ਪਰਵੀਨ ਸ਼ਰਮਾਂ ਸਹਾਇਕ ਵਿੱਤ ਸਕੱਤਰ, ਸੁਖਵਿੰਦਰ ਸਿੰਘ ਲੀਲ ਸਹਾਇਕ ਪ੍ਰੈੱਸ ਸਕੱਤਰ ਅਤੇ ਬਲਵਿੰਦਰ ਕੌਰ ਰਾਵਲਪਿੰਡੀ ਨੂੰ ਪ੍ਰਚਾਰ ਸਕੱਤਰ ਚੁਣਿਆ ਗਿਆ।

ਇਜਲਾਸ ਦੌਰਾਨ ਭਰਾਤਰੀ ਸੰਦੇਸ਼ ਦੇਣ ਪੁੱਜੇ ਪੰਜਾਬ ਸੂਬਾਡੀਨੇਟ ਸਰਵਿਸਜ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਨਵੀਂ ਚੁਣੀ ਲੀਡਰਸ਼ਿਪ ਨੂੰ ਸ਼ੁੱਭ ਇੱਛਾਵਾਂ ਭੇਂਟ ਕੀਤੀਆਂ।

# ਆਮ ਜਨਤਾ ਨੂੰ ਸਸਤੇ ਐਲ.ਈ.ਡੀ. ਬਲੱਬ ਵੰਡਣ ਸੰਬੰਧੀ ਅੱਜ

**ਨਕੋਦਰ (ਟੋਨੀ)** ਸਥਾਨਕ ਵਾਰਡ ਨੰ: 14 ਨਕੋਦਰ ਅਰੋੜਾ ਵੰਸ਼ ਪਰਿਵਾਰ ਦੇ ਸਰਪ੍ਰਸਤ ਅਤੇ ਐਮ.ਸੀ. ਵਿਜੇ ਕੁਮਾਰ ਪੋਪਲੀ ਆਮ ਜਨਤਾ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆ ਦੇ ਸਹਿਯੋਗ ਨਾਲ ਸੈਂਟਰਲ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਅਧੀਨ 28-06-2021 ਨੂੰ ਵਿਚ ਮੁਹੱਲਾ ਖਰਾਦੀਆ ਡੇਅਰੀ ਦੇ ਨਜ਼ਦੀਕ ਵਿਸ਼ੇਸ ਕੈਂਪ ਲਗਾਇਆ ਜਾ ਰਿਹਾ ਹੈ। ਆਮ ਜਨਤਾ ਦੇ ਆ ਰਹੇ ਵੱਧ ਬਿਜਲੀ ਦੇ ਬਿੱਲਾ ਤੋਂ ਜਨਤਾ ਨੂੰ ਛੁਟਕਾਰਾ ਦਿਵਾਉਣ ਦੇ ਮੰਤਵ ਨੂੰ ਲੈਕੇ ਜੋ ਬਲੱਬ ਸਰਕਾਰ ਵੱਲੋਂ ਐਸ.ਸੀ./ ਬੀ.ਸੀ. ਕੈਟੇਗਰੀ ਦੇ ਲੋਕਾਂ ਨੂੰ 15/-ਰੁਪਏ ਅਤੇ ਜਨਰਲ ਕੈਟੇਗਰੀ ਦੇ ਲੋਕਾਂ ਨੂੰ 30/- ਰੁਪਏ ਪ੍ਰਤੀ ਬਲੱਬ ਦੇ ਹਿਸਾਬ ਨਾਲ ਪ੍ਰਤੀ ਘਰ ਨੂੰ ਦੋ ਦੋ ਬਲੱਬ ਦੇਣ ਦਾ ਟੀਚਾ ਮਿਥਿਆ। ਉਸ ਟੀਚੇ ਅਤੇ ਸਰਕਾਰ ਦੀਆਂ ਹਦਾਇਤਾਂ ਨੂੰ ਮੁੱਖ ਰੱਖਕੇ 28-06-2021 ਨੂੰ ਸਵੇਰੇ ਸਮਾਂ 10 ਵਜੇ ਕੈਂਪ ਲਗਾਇਆ ਜਾ ਰਿਹਾ।

# ਬਸਪਾ ਨੇ ਪੰਜਾਬ ਦੇ ਸਾਬਕਾ ਸੂਬਾਈ ਪ੍ਰਧਾਨ ਰਛਪਾਲ ਰਾਜੂ ਨੂੰ ਪਾਰਟੀ ਵਿੱਚੋਂ ਕੱਢਿਆ

**ਜਲੰਧਰ।** ਬਹੁਜਨ ਸਮਾਜ ਪਾਰਟੀ ਦੇ ਸਾਬਕਾ ਸੂਬਾਈ ਪ੍ਰਧਾਨ ਰਛਪਾਲ ਸਿੰਘ ਰਾਜੂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ। ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੇ ਦਸਤਖਤਾਂ ਹੇਠ ਜਾਰੀ ਕੀਤੇ ਬਿਆਨ ਵਿੱਚ ਰਛਪਾਲ ਸਿੰਘ ਰਾਜੂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਉਂਦਿਆ ਇਹ ਕਾਰਵਾਈ ਕੀਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਵਿੱਚ 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਗੱਠਜੋੜ ਹੋਇਆ ਹੈ। ਬਸਪਾ ਦੇ ਹਿੱਸੇ ਆਈਆਂ ਸਿਰਫ਼ 20 ਸੀਟਾਂ ਕਾਰਨ ਦੋਆਬੇ ਵਿੱਚ ਪਾਰਟੀ ਦੇ ਵਰਕਰਾਂ ਵਿੱਚ ਨਾਰਾਜ਼ਗੀ ਹੈ। ਸਾਬਕਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਗੜ੍ਹਸ਼ੰਕਰ ਤੇ ਹੁਸ਼ਿਆਰਪੁਰ ਵਿਧਾਨ ਸਭਾ ਹਲਕਿਆਂ ਵਿੱਚ ਨਾਰਾਜ਼ ਬਸਪਾ ਵਰਕਰਾਂ ਦੀਆਂ ਮੀਟਿੰਗਾਂ ਵਿੱਚ ਹਿੱਸਾ ਲਿਆ ਸੀ। ਉਧਰ ਰਛਪਾਲ ਸਿੰਘ ਰਾਜੂ ਨੇ ਪਾਰਟੀ ਵਿੱਚੋਂ ਕੱਢਣ ਦੀ ਪੁਸ਼ਟੀ ਕਰਦਿਆ ਕਿਹਾ ਕਿ ਬਸਪਾ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਨੂੰ ਗਲਤ ਸ਼ਿਕਾਇਤਾਂ ਕੀਤੀਆਂ ਗਈਆਂ ਹਨ। ਗੜ੍ਹਸ਼ੰਕਰ ਦੀ ਨਗਰ ਕੌਂਸਲ ਵਿੱਚ ਉਨ੍ਹਾਂ ਦੀ ਪਤਨੀ ਉਪ ਪ੍ਰਧਾਨ ਹੈ ਤੇ ਇੱਕ ਦਿਨ ਜ਼ਰੂਰੀ ਰੁਝੇਵੇਂ ਕਾਰਨ ਉਹ ਆਪਣੇ ਵਾਰਡ ਲਈ ਆਏ ਫੰਡ ਨਹੀਂ ਲੈਣ ਜਾ ਸਕੇ ਤਾਂ ਉਨ੍ਹਾਂ ਦੀ ਥਾਂ 'ਤੇ ਉਹ ਚਲੇ ਗਏ। ਉਥੇ ਕਾਂਗਰਸ ਦੇ ਸਾਬਕਾ ਵਿਧਾਇਕ ਗੋਲਡੀ ਵੀ ਆ ਗਏ। ਉਨ੍ਹਾਂ ਨਾਲ ਮੀਡੀਆ ਵਿੱਚ ਛਪੀਆਂ ਤਸਵੀਰਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਰਛਪਾਲ ਰਾਜੂ ਕਾਂਗਰਸ ਵਿੱਚ ਜਾ ਰਹੇ ਹਨ। ਰਛਪਾਲ ਸਿੰਘ ਰਾਜੂ ਨੇ ਕਿਹਾ ਕਿ ਉਹ ਬਸਪਾ ਦੇ ਵਫਦਾਰ ਸਿਪਾਹੀ ਹਨ ਤੇ ਬਾਬੂ ਕਾਂਸ਼ੀ ਰਾਮ ਦੀ ਵਿਚਾਰਧਾਰਾ ਨੂੰ ਲੈਕੇ ਚੱਲ ਰਹੇ ਹਨ ਤੇ ਚੱਲਦੇ ਰਹਿਣਗੇ। ਉਨ੍ਹਾਂ ਦੱਸਿਆ ਕਿ ਗੜ੍ਹਸ਼ੰਕਰ ਵਿੱਚ ਬਸਪਾ ਦੀ 24000 ਵੋਟ ਹੈ ਤੇ ਇੱਥੋਂ ਦੇ ਵਰਕਰ ਚਹੁੰਦੇ ਸਨ ਕਿ ਇਹ ਸੀਟ ਬਸਪਾ ਨੂੰ ਮਿਲੇ। ਉਧਰ ਲਖਨਊ 'ਚ ਬਹੁਜਨ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਵੱਲੋਂ ਕੀਤੀ ਮੀਟਿੰਗ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ ਜਿਹੜਾ ਅਕਾਲੀ ਦਲ ਨਾਲ ਗੱਠਜੋੜ ਹੋਇਆ ਹੈ ਉਸ ਵਿੱਚ ਬਸਪਾ ਦੇ ਹਿੱਸੇ ਆਉਂਦੀਆਂ 20 ਸੀਟਾਂ ਵਿੱਚੋਂ ਕੋਈ ਸੀਟ ਵੀ ਬਦਲੀ ਨਹੀਂ ਜਾਵੇਗੀ। ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਇਸ ਦੀ ਜਾਣਕਾਰੀ ਆਪਣੇ ਫੇਸਬੁੱਕ ਪੇਜ਼ 'ਤੇ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਬਹੁਜਨ ਸਮਾਜ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਗਠਜੋੜ ਵਿੱਚ ਬਸਪਾ ਦੇ ਹਿੱਸੇ ਦੀਆਂ 20 ਅਤੇ ਅਕਾਲੀ ਦਲ ਦੇ ਹਿੱਸੇ ਦੀਆਂ 97 ਸੀਟਾਂ ਉਪਰ ਹੋਈ ਸਹਿਮਤੀ ਹੋਈ ਹੈ।ਇਸ ਵਿੱਚ ਕਿਸੇ ਵੀ ਤਰ੍ਹਾ ਦੀ ਫੇਰਬਦਲ ਬਾਰੇ ਚਰਚਾ ਜਾਂ ਗੱਲਬਾਤ ਨਹੀ ਹੋਵੇਗੀ। ਇਹ ਹਾਈਕਮਾਂਡ ਦੇ ਅੰਤਮ ਫੈਸਲਾ ਹੈ।



# ਫ਼ਰੀਦਕੋਟ ਤੇ ਫ਼ਿਰੋਜ਼ਪੁਰ ਦੇ 500 ਪਿੰਡਾਂ ਨੂੰ ਬਿਜਲੀ ਦੇਣ ਵਾਲੇ ਗਰਿੱਡ 'ਚ ਨੁਕਸ, ਨਾ ਘਰਾਂ ਨੂੰ ਬਿਜਲੀ ਤੇ ਨਾ ਖੇਤਾਂ ਨੂੰ

**ਫ਼ਰੀਦਕੋਟ।** ਫ਼ਰੀਦਕੋਟ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਦੇ ਕਰੀਬ ਪੰਜ ਸੌ ਪਿੰਡਾਂ ਨੂੰ ਬਿਜਲੀ ਦੇਣ ਵਾਲਾ ਪਾਵਰ ਗਰਿੱਡ, ਜੋ ਸਾਦਿਕ ਕਸਬੇ ਵਿੱਚ ਹੈ, ਅਚਾਨਕ ਖ਼ਰਾਬ ਹੋ ਗਿਆ ਹੈ। ਇਸ ਕਰਕੇ ਫ਼ਰੀਦਕੋਟ ਅਤੇ ਫ਼ਿਰੋਜ਼ਪੁਰ ਦੇ ਪੰਜ ਸੌ ਪਿੰਡਾਂ ਨੂੰ ਬਿਜਲੀ ਸਪਲਾਈ ਬੁਰੀ ਤਰ੍ਹਾਂ ਠੱਪ ਹੈ। ਸੂਚਨਾ ਅਨੁਸਾਰ ਬਿਜਲੀ ਦੇ ਗਰਿੱਡ ਦੇ ਟੈਂਕ ਵਿਚ ਕਰੀਬ ਸੱਠ ਹਜ਼ਾਰ ਲਿਟਰ ਤੇਲ ਸੀ ਅਤੇ ਤਕਨੀਕੀ ਖ਼ਰਾਬੀ ਕਾਰਨ ਇਹ ਲੀਕ ਹੋ ਗਿਆ, ਜਿਸ ਕਰਕੇ ਗਰਿੱਡ ਦੇ ਇੱਕ ਹਿੱਸੇ ਨੂੰ ਅੱਗ ਨੇ ਆਪਣੀ ਚਪੇਟ ਵਿਚ ਲੈ ਲਿਆ। ਹਾਲਾਂਕਿ ਗਰਿੱਡ 'ਤੇ ਕੰਮ ਕਰ ਰਹੇ ਇੰਜਨੀਅਰਾਂ ਨੇ ਅੱਗ ਉਪਰ ਕਾਬੂ ਪਾ ਲਿਆ। ਅੱਗ ਲੱਗਣ ਕਾਰਨ ਗਰਿੱਡ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ, ਜਿਸ ਕਰਕੇ ਫ਼ਰੀਦਕੋਟ ਅਤੇ ਫ਼ਿਰੋਜ਼ਪੁਰ ਦੀ ਪੰਜ ਸੌ ਪਿੰਡਾਂ ਵਿੱਚ ਝੋਨੇ ਦੀ ਲੁਆਈ ਵੀ ਵੱਡੀ ਪੱਧਰ ਤੇ ਪ੍ਰਭਾਵਿਤ ਹੋਈ ਹੈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡਾਂ ਨੂੰ ਜਲਾਲਾਬਾਦ ਅਤੇ ਗੁਰੂਹਰਸ-ਾਏ ਦੀ ਗੰਢਾਂ ਤੋਂ ਕੁਝ ਸਮੇਂ ਲਈ ਬਿਜਲੀ ਸਪਲਾਈ ਕੀਤੀ ਹੈ, ਜਦੋਂ ਕਿ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡਾਂ ਨੂੰ ਮੁਕਤਸਰ ਅਤੇ ਫਰੀਦਕੋਟ ਜ਼ਿਲ੍ਹੇ ਦੀ ਬਾਕੀ ਗਰਿੱਡਾਂ ਤੋਂ ਬਿਜਲੀ ਸਪਲਾਈ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਭਾਵਿਤ ਪਿੰਡਾਂ 'ਚ ਹੁਣ ਸਿਰਫ ਚਾਰ ਘੰਟੇ ਬਿਜਲੀ ਹੀ ਦਿੱਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਪਾਵਰ ਗਰਿੱਡ ਦੀ ਸੀਜ਼ਨ ਤੋਂ ਪਹਿਲਾਂ ਲੋੜੀਂਦੀ ਚੈਕਿੰਗ ਹੋਣੀ ਚਾਹੀਦੀ ਸੀ। ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਕੁਸ਼ਲਦੀਪ ਸਿੰਘ ਢਿੱਲੋਂ ਨੇ ਗਰਿੱਡ ਦਾ ਦੌਰਾ ਕਰਨ ਤੋਂ ਬਾਅਦ ਦੱਸਿਆ ਕਿ ਮੁੰਬਈ ਤੋਂ ਗਰਿੱਡ ਦੀ ਮੁਰੰਮਤ ਲਈ ਵਿਸ਼ੇਸ਼ ਇੰਜਨੀਅਰ ਬੁਲਾਏ ਹਨ। ਮੰਗਲਵਾਰ ਤੱਕ ਗਰਿੱਡ ਦੇ ਚੱਲਣ ਦੀ ਸੰਭਾਵਨਾ ਹੈ। ਉਨ੍ਹਾਂ ਸਵੀਕਾਰ ਕੀਤਾ ਕਿ ਗਰਿੱਡ ਨੂੰ ਹੋਏ ਨੁਕਸਾਨ ਨਾਲ ਇਲਾਕੇ ਵਿਚ ਝੋਨੇ ਦੀ ਬਿਜਾਈ ਪਛੜੀ ਹੈ। ਸਾਦਿਕ ਵਿਖੇ ਸਥਾਪਤ ਕੀਤੇ ਗਏ ਉੱਚ ਪੱਧਰੀ ਬਿਜਲੀ ਗਰਿੱਡ ਨੂੰ ਮੁੰਬਈ ਦੀ ਨਿੱਜੀ ਕੰਪਨੀ ਚਲਾ ਰਹੀ ਹੈ। ਦਸ ਸਾਲ ਪਹਿਲਾਂ ਸਥਾਪਤ ਕੀਤੇ ਇਸ ਬਿਜਲੀ ਗਰਿੱਡ ਵਿਚੋਂ ਫਰੀਦਕੋਟ ਸਾਦਿਕ ਗੁਰੂਹਰਸਹਾਏ ਮੁਕਤਸਰ ਅਤੇ ਫਰੀਦਕੋਟ ਜ਼ਿਲ੍ਹੇ ਦੇ ਪਿੰਡਾਂ ਨੂੰ ਘਰੇਲੂ ਅਤੇ ਖੇਤੀ ਲੋੜਾਂ ਲਈ ਲਈ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ।



# ਕਿਸਾਨਾਂ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਰਿਹੈ ਕੇਂਦਰ:ਚੜੂਨੀ

## ਹਰਿਆਣਾ ਪੁਲੀਸ ਨੇ ਕਿਸਾਨਾਂ ਨੂੰ ਰੋਕਨ ਲਈ ਲਾਈ ਪੂਰੀ ਵਾਹ; ਤਾਇਨਾਤ ਕੀਤੀਆਂ ਸਨ 13 ਕੰਪਨੀਆਂ



**ਪੰਚਕਲਾ।** ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਅੱਜ ਇੱਥੇ ਨਾਢਾ ਸਾਹਿਬ ਵਿਖੇ ਇਕੱਠੇ ਹੋਏ। 'ਖੇਤੀ ਬਚਾਓ, ਲੋਕਤੰਤਰ ਬਚਾਓ' ਦੇ ਸੱਦੇ ਤਹਿਤ ਚੰਡੀਗੜ੍ਹ ਵਿੱਚ ਰਾਜਪਾਲ ਨੂੰ ਮੰਗ ਪੱਤਰ ਸੌਂਪਣ ਜਾ ਰਹੇ ਕਿਸਾਨਾਂ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਅਤੇ ਕਿਸਾਨ ਆਗੂ ਯੋਗਿੰਦਰ ਯਾਦਵ ਨੇ ਕੀਤੀ। ਰੋਸ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਗੁਰਨਾਮ ਸਿੰਘ ਚੜੂਨੀ ਸਮੇਤ ਹੋਰ ਕਿਸਾਨ ਆਗੂਆਂ ਨੇ ਨਾਢਾ ਸਾਹਿਬ ਵਿਖੇ ਮੱਥਾ ਟੇਕਿਆ। ਗੁਰਦੁਆਰਾ ਨਾਢਾ ਸਾਹਿਬ ਗੁਰਦੁਆਰਾ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਸਿਰੋਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮਗਰੋਂ ਸ੍ਰੀ ਚੜੂਨੀ ਅਤੇ ਸ੍ਰੀ ਯਾਦਵ ਨੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿੱਲੀ ਦੀਆਂ ਹੱਦਾਂ 'ਤੇ ਕਿਸਾਨ ਅੰਦੋਲਨ ਦੇ ਅੱਜ ਸੱਤ ਮਹੀਨੇ ਪੂਰੇ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ।ਹਰਿਆਣਾ ਪੁਲੀਸ ਦੀ ਸਖ਼ਤ ਨਾਕਾਬੰਦੀ ਨੂੰ ਤੋੜਦਿਆਂ ਕਿਸਾਨ ਚੰਡੀਗੜ੍ਹ ਵਿੱਚ ਦਾਖ਼ਲ ਹੋਏ। ਨਾਢਾ ਸਾਹਿਬ ਤੋਂ ਚੱਲੇ ਕਿਸਾਨਾਂ ਨੇ ਸਭ ਤੋਂ ਪਹਿਲਾਂ ਮਾਜਰੀ ਚੌਕ ਵਿੱਚ ਬੈਰੀਕੇਡ ਤੋੜਿਆ। ਇਸ ਮਗਰੋਂ ਟੈਂਕ ਚੌਕ ਸੈਕਟਰ-2 ਵਿੱਚ ਕੀਤੀ ਸਖ਼ਤ ਨਾਕਾਬੰਦੀ ਤੋੜਦਿਆਂ ਕਿਸਾਨਾਂ ਨੇ ਸ਼ਕਤੀ ਭਵਨ ਚੌਕ ਅਤੇ ਸੈਕਟਰ-17/18 ਲਗਾਏ ਬੈਰੀਕੇਡ ਵੀ ਕੁਝ ਹੀ ਮਿੰਟਾਂ ਵਿੱਚ ਖਦੇੜਦਿਆਂ ਰਾਹ ਬਣਾ ਲਿਆ। ਇੱਥੇ ਚੰਡੀਗੜ੍ਹ ਅਤੇ ਹਰਿਆਣਾ ਪੁਲੀਸ ਨੇ ਵੱਡੇ-ਵੱਡੇ ਬੈਰੀਕੇਡ ਲਾ ਕੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਕਿਸਾਨਾਂ ਦੇ ਰੋਹ ਅੱਗੇ ਬੇਵੱਸ ਹੋ ਗਈ। ਕਿਸਾਨਾਂ ਨੇ ਰਾਜਪਾਲ ਦੇ ਨਾਂ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਮਨਦੀਪ ਸਿੰਘ ਬਰਾੜ ਨੂੰ ਮੰਗ ਪੱਤਰ ਅਤੇ ਯਾਦ ਪੱਤਰ ਸੌਂਪਿਆ।ਪੰਚਕੂਲਾ ਪੁਲੀਸ ਨੇ ਹਰਿਆਣਾ ਦੇ ਕਿਸਾਨਾਂ ਨੂੰ ਪੰਚਕੂਲਾ ਵਿੱਚ ਰੋਕਣ ਲਈ 13 ਕੰਪਨੀਆਂ ਲਗਾਈਆਂ ਸਨ ਅਤੇ 1870 ਪੁਲੀਸ ਮੁਲਾਜ਼ਮ ਵੀ ਤਾਇਨ-ਾਤ ਕੀਤੇ ਹੋਏ ਸਨ। ਪੰਚਕੂਲਾ ਨਾਲ ਲਗਦੀਆਂ ਸਾਰੀਆਂ ਹੱਦਾਂ 'ਤੇ ਪੁਲੀਸ ਨੇ ਭਾਰੀ ਨਾਕਾਬੰਦੀ ਕੀਤੀ ਹੋਈ ਸੀ। ਇਹ ਨਾਕੇ ਯਮੁਨਾਨਗਰ ਤੋਂ ਪੰਚਕੂਲਾ ਨੈਸ਼ਨਲ ਹਾਈਵੇਅ-7, ਜ਼ੀਰਕਪੁਰ ਸ਼ਿਮਲਾ ਹਾਈਵੇਅ-5 ਤੋਂ ਇਲਾਵਾ ਪੰਚਕੂਲਾ ਦੇ ਵੱਖ ਵੱਖ ਚੌਕਾਂ 'ਤੇ ਲਗਾਏ ਗਏ ਸਨ। ਕਿਸਾਨ ਆਗੂ ਡਾ. ਹਰਨੇਕ ਸਿੰਘ ਹਰੀ ਨੇ ਦੱਸਿਆ ਕਿ ਕਿਸਾਨ ਮਾਰਚ ਵਿੱਚ ਪੰਚਕੂਲਾ ਅਤੇ ਆਸ-ਪਾਸ ਦੇ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਸਮੇਤ ਮਹਿਲਾਵਾਂ ਤੇ ਬੱਚਿਆਂ ਨੇ ਵੀ ਸ਼ਮੂਲੀਅਤ ਕੀਤੀ।

# ਪਾਰਟੀ ਦੀ ਜਿੱਤ ਲਈ ਆਸ਼ੂ ਬੰਗੜ ਨੇ ਕਰਵਾਈ ਅਰਦਾਸ



**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ )** ਬਲਾਕ ਮਮਦੋਟ ਅਧੀਨ ਆਉਂਦੇ ਪਿੰਡ ਨਵਾਂ ਕਿਲ੍ਹਾ ਸਥਿਤ ਗੁਰਦੁਆਰਾ ਬਾਬਾ ਅਮਰ ਸਿੰਘ ਸ਼ਹੀਦ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਬੋਰੀ ਵਾਲਿਆਂ ਵੱਲੋਂ ਹਰ ਐਤਵਾਰ ਕਰਵਾਏ ਜਾਂਦੇ ਸਮਾਗਮਾਂ ਵਿੱਚ ਅੱਜ ਆਮ ਆਦਮੀ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਐਸਸੀ ਵਿੰਗ ਅਮਰਦੀਪ ਸਿੰਘ ਆਸ਼ੂ ਬੰਗੜ ਨੇ ਹਾਜ਼ਰੀ ਭਰੀ ਇਸ ਸਮੇਂ ਸਮਾਗਮ ਵਿੱਚ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਪਹੁੰਚ ਕਿ ਆਮ ਆਦਮੀ ਪਾਰਟੀ ਦੀ ਜਿੱਤ ਲਈ ਅਰਦਾਸ ਕੀਤੀ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਬੋਰੀ ਵਾਲਿਆਂ ਤੋਂ ਸਿਰੋਪਾਉ ਦੀ ਬਖਸ਼ਿਸ਼ ਪ੍ਰਾਪਤ ਕੀਤੀ । ਇਸ ਸਮੇਂ ਗੁਰਦੁ-ਆਰਾ ਸ਼ਹੀਦ ਬਾਬਾ ਅਮਰ ਸਿੰਘ ਜੀ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਬੋਰੀ ਵਾਲਿਆਂ ਨੇ ਗੁਰੂਦੁਆਰਾ ਸਾਹਿਬ ਪਹੁੰਚਣ ਤੇ ਆਸ਼ਿਰਵਾਦ ਦਿੱਤਾ । ਇਸ ਸਮੇਂ ਉਨ੍ਹਾਂ ਦੇ ਨਾਲ ਕਮਲ ਗਿੱਲ ਸੋਨੂੰ , ਬਲਰਾਜ ਸਿੰਘ ਸੰਧੂ , ਰਾਜੂ ਨਾਰੰਗ ਮਮਦੋਟ, ਗੁਰਨਾਮ ਸਿੰਘ , ਕੁਲਦੀਪ ਸਿੰਘ ਧੀਰਾ ਪੱਤਰਾ, ਜਗਜੀਤ ਸਿੰਘ ਅਤੇ ਅਮਨਦੀਪ ਸਿੰਘ ਧਾਲੀਵਾਲ (ਨਿੱਜੀ ਸਕੱਤਰ),ਕਾਰਜ ਸਿੰਘ ਆਦਿ ਹਾਜਰ ਸਨ ।

# ਛੇਵੇ ਪੇ ਕਮਿਸ਼ਨ ਦੇ ਖਿਲਾਫ ਮੈਡੀਕਲ ਲੈਬ ਟੈਕਨੀਸ਼ੀਅਨ ਐਸੋਸੀਏਸ਼ਨ ਕਰੇਗੀ ਹੜਤਾਲ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਮੈਡੀਕਲ ਲੈਬ ਟੈਕਨੀਸ਼ੀਅਨ ਅਸੋਸੀਏਸ਼ਨ ਪੰਜਾਬ ਦੇ ਦਿਸ਼ਾ ਨਿਰਦੇਸ਼ ਤੇ ਅੱਜ ਜਿਲਾ ਪ੍ਰਧਾਨ ਮਨੋਜ ਗਰੋਵਰ,ਜਿਲਾ ਜਨਰਲ ਸਕੱਤਰ ਰਾਕੇਸ਼ ਗਿੱਲ ਅਤੇ ਜਿਲਾ ਵਿੱਤ ਸਕੱਤਰ ਅਰੁਣ ਸ਼ਰਮਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੀ ਜਥੇਬੰਦੀ ਛੇਵੇਂ ਪੇ ਕਮਿਸ਼ਨ ਵੱਲੋਂ ਮੁਲਾਜ਼ਮ ਮਾਰੂ ਸਿਫਾਰਸ਼ਾਂ ਨੂੰ ਰੱਦ ਕਰਦਿਆਂ ਹੋਏ ਇਸ ਦੀ ਭਰਪੂਰ ਨਿਖੇਧੀ ਕਰਦੀ ਹੈ। ਪੇ ਕਮਿਸ਼ਨ ਵੱਲੋਂ ਮੁਲਾਜ਼ਮਾਂ ਨੂੰ ਫਾਇਦਾ ਕਰਨ ਦੀ ਬਜਾਏ ਖੋਰਾ ਲਾਇਆ ਗਿਆ ਹੈ ਜਿਵੇਂ ਕਿ ਮੈਡੀਕਲ ਭੱਤੇ, ਮੋਬਾਈਲ ਭੱਤੇ ਵਿਚ ਵਾਧਾ ਨਾ ਕਰਨਾ ਅਤੇ ਐਮਰਜੈਂਸੀ ਡਿਊਟੀ ਕਰਨ ਬਦਲੇ ਮੁਫਤ ਰਿਹਾਇਸ਼ੀ ਭੱਤਾ ਬੰਦ ਕਰਨਾ।ਇਹ ਸਿਹਤ ਮੁਲਾਜ਼ਮਾਂ ਨਾਲ ਸਰਾਸਰ ਬੇਇਨਸਾਫੀ ਹੈ। ਸਾਡੀ ਕੈਟਾਗਿਰੀ ਨੇ ਕੋਵਿਡ ਮਹਾਮਾਰੀ ਦੌਰਾਨ ਸਭ ਤੋਂ ਮੋਹਰੀ ਹੋ ਕੇ ਕੰਮ ਕੀਤਾ ਹੈ, ਪੰਜਾਬ ਦੇ ਮੁੱਖ ਕੈਪਟਨ ਅਮਰਿੰਦਰ ਸਿੰਘ ਜੀ ਨੇ ਵੀ ਆਸਕ ਕੈਪਟਨ ਪ੍ਰੋਗਰਾਮ ਵਿੱਚ ਇਸ ਦੀ ਸ਼ਲਾਘਾ ਕੀਤੀ ਹੈ ਅਤੇ ਸਾਡੀ ਕੈਟਾਗਿਰੀ ਨੂੰ ਨੰਬਰ ਇੱਕ ਦੱਸਿਆ ਹੈ। ਪਰ ਸਾਡੀ ਜਥੇਬੰਦੀ ਵੱਲੋਂ ਸਿਹਤ ਮੰਤਰੀ, ਪ੍ਰਮੁੱਖ ਸਕੱਤਰ ਸਿਹਤ ਅਤੇ ਡਾਇਰੈਕਟਰ ਸਿਹਤ ਵਿਭਾਗ ਨਾਲ ਕਈ ਮੀਟਿੰਗਾਂ ਕਰਕੇ ਮੰਗ ਪੱਤਰ ਦੇਣ ਦਾ ਵੀ ਕੋਈ ਅਸਰ ਨਹੀਂ ਹੋਇਆ ਅਤੇ ਸਾਡੀਆਂ ਹੱਕੀ ਮੰਗਾਂ ਪ੍ਰਤੀ ਲਾਰਾ ਲੱਪਾ ਹੀ ਲਾਈ ਰੱਖਿਆ ਹੈ, ਅਸੀਂ ਲੋਕ ਹਿੱਤ ਵਿੱਚ ਹੁਣ ਤੱਕ ਕੋਈ ਹੜਤਾਲ ਵੀ ਨਹੀਂ ਕੀਤੀ, ਪਰ ਹੁਣ ਸਾਨੂੰ ਮਜਬੂਰਨ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪੈ ਰਿਹਾ ਹੈ। ਜਿਸ ਵਿੱਚ 28 ਜੂਨ ਤੋਂ 30 ਜੂਨ ਤੱਕ ਸਵੇਰੇ 9 ਵਜੇ ਤੋਂ 11 ਵਜੇ ਤੱਕ ( 2 ਘੰਟੇ) ਕੰਮ ਛੋੜ ਹੜਤਾਲ ਕੀਤੀ ਜਾਵੇ ਗੀ ਅਤੇ ਸਿਵਿਲ ਸਰਜਨ ਅਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤੇ ਜਾਣਗੇ। ਜੇਕਰ ਸਰਕਾਰ ਨੇ ਸਾਡੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਅਣਮਿੱਥੇ ਸਮੇਂ ਦੀ ਹੜਤਾਲ ਕੀਤੀ ਜਾਵੇਗੀ। ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਸਾਡੀਆਂ ਹੱਕੀ ਮੰਗਾਂ ਮੰਨ ਕੇ ਤੁਰੰਤ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ ਨਹੀਂ ਤਾਂ ਸਾਨੂੰ ਮਜਬੂਰਨ ਸੰਘਰਸ਼ ਦਾ ਰਾਹ ਅਪਣਾਉਣਾ ਪਵੇਗਾ। ਸਾਡੀ ਜਥੇਬੰਦੀ ਸਾਂਝੀਆਂ ਮੰਗਾ ਲਈ ਬਾਕੀ ਜਥੇਬੰਦੀਆਂ ਦਾ ਸਾਥ ਵੀ ਦੇਵੇਗੀ। ਸਾਡੀਆਂ ਮੁੱਖ ਮੰਗਾਂ ਵਿੱਚ ਸਰਕਾਰੀ ਲੈਬਾਰਟਰੀਆਂ ਨੂੰ ਪ੍ਰਾਈਵੇਟ ਕੰਪਨੀਆਂ ਦੇ ਹੱਥਾਂ ਵਿੱਚ ਦੇਣ ਤੋਂ ਰੋਕਣਾ , ਅਹੁਦੇ ਦਾ ਨਾਮ ਬਦਲ ਕੇ ਟੈਕਨੀਕਲ ਅਫਸਰ ਕਰਨਾ, ਪੇ ਸਕੇਲ ਮੈਟਰਿਕਸ ਵਿੱਚ ਸੋਧ ਕਰਨਾ,ਮੁੱਢਲੀ ਯੋਗਤਾ ਬੀ ਐਸ ਸੀ ਐਮ ਐਲ ਟੀ ਕਰਨਾ, ਮੁਫ਼ਤ ਰਿਹਾਇਸ਼ੀ ਭੱਤਾ ਬਹਾਲ ਕਰਨਾ, ਕੇਂਦਰੀ ਪੈਟਰਨ ਤੇ ਰਿਸਕ ਅਲਾਊਂਸ ਅਤੇ ਪੇਸ਼ੈਂਟ ਕੇਅਰ ਅਲਾਊਂਸ ਦੇਣਾ, ਮੈਡੀਕਲ, ਮੋਬਾਈਲ ਭੱਤਾ ਵਧਾਉਣਾ,ਠੇਕੇ ਤੇ ਰੱਖੇ ਐਮ ਐਲ ਟੀ ਪੱਕੇ ਕਰਨਾ, ਪ੍ਰਚੇਜ ਕਮੇਟੀ ਵਿੱਚ ਐਮ ਐਲ ਟੀ ਨੂੰ ਸ਼ਾਮਲ ਕਰਨਾ ,ਪ੍ਰਮੋਸ਼ਨਾ ਕਰਨਾ,ਪੁਰਾਣੀ ਪੈਨਸ਼ਨ ਬਹਾਲ ਕਰਨਾ ਅਤੇ ਖਾਲੀ ਪਈਆਂ ਅਸਾਮੀਆਂ ਭਰਨਾ ਸ਼ਾਮਲ ਹਨ।

# ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੀ ਨਵੀਂ ਚੋਣ, ਡਾ ਮਨਜੀਤ ਸਿੰਘ ਢਿੱਲੋਂ ਬਣੇ ਪ੍ਰਧਾਨ

**ਕੋਟਕਪਰਾ।** ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੀ ਸਥਾਨਕ ਮਿਉਂਸਪਲ ਪਾਰਕ ਵਿਖੇ ਹੋਈ ਅਹਿਮ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਉੱਘੇ ਸਮਾਜਸੇਵੀ ਡਾ. ਮਨਜੀਤ ਸਿੰਘ ਢਿੱਲੋਂ ਮੈਨੇਜਿੰਗ ਡਾਇਰੈਕਟਰ ਬਾਬਾ ਫਰੀਦ ਕਾਲਜ ਆਫ ਨਰਸਿੰਗ ਕੋਟਕਪੂਰਾ ਨੂੰ ਪ੍ਰਧਾਨ ਚੁਣ ਲਿਆ ਗਿਆ ਅਤੇ ਬਾਕੀ ਕਾਰਜਕਾਰਨੀ ਦਾ ਗਠਨ ਕਰਨ ਦੇ ਅਧਿਕਾਰ ਵੀ ਉਨਾਂ ਨੂੰ ਦੇ ਦਿੱਤੇ ਗਏ। ਸਾਬਕਾ ਪ੍ਰਧਾਨ ਗੁਰ-ਬਚਨ ਸਿੰਘ ਟੋਨੀ ਨੇ ਪੁਰਾਣੀ ਕਾਰਜਕਾਰਨੀ ਖਾਰਜ ਕਰਦਿਆਂ ਡਾ ਢਿੱਲੋਂ ਨੂੰ ਹਾਰ ਪਾ ਕੇ ਮੁਬਾਰਕਬਾਦ ਦਿੱਤੀ। ਗੁੱਡ ਮੋਰਨਿੰਗ ਕਲੱਬ ਦੇ ਸੰਸਥਾਪਕ ਸੁਰਿੰਦਰ ਸਿੰਘ ਸੁਪਰਡੈਂਟ ਨੇ ਪ੍ਰਧਾਨਗੀ ਲਈ ਡਾਕਟਰ ਢਿੱਲੋਂ ਦਾ ਨਾਮ ਪੇਸ਼ ਕੀਤਾ, ਜਿਸ ਨੂੰ ਬਿਨਾਂ ਕਿਸੇ ਕਿੰਤੂ-ਪਰੰਤੂ ਦੇ ਸਾਰਿਆਂ ਨੇ ਪ੍ਰਵਾਨਗੀ ਦੇ ਦਿੱਤੀ। ਇਸ ਮੌਕੇ ਸਾਰਿਆਂ ਨੇ ਡਾ. ਢਿੱਲੋਂ ਨੂੰ ਮੁਬਾਰਕਾਂ ਦਿੰਦਿਆਂ ਹਰ ਤਰਾਂ ਦੇ ਸਹਿਯੋਗ ਦਾ ਵਿਸ਼ਵਾਸ਼ ਦਿਵਾਇਆ ਤੇ ਡਾ. ਢਿੱਲੋਂ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਗੁੱਡ ਮੌਰਨਿੰਗ ਕਲੱਬ ਨੂੰ ਹੋਰ ਬੁਲੰਦੀਆਂ ਤੱਕ ਪਹੁੰਚਾਉਣ ਲਈ ਯਤਨਸੀਲ ਰਹਿਣਗੇ। ਡਾ ਢਿੱਲੋਂ ਨੇ ਦਾਅਵਾ ਕੀਤਾ ਕਿ ਬਿਨਾ ਕਿਸੇ ਪੱਖਪਾਤ ਅਤੇ ਵਿਤਕਰੇ ਦੇ ਸ਼ਹਿਰ ਵਾਸੀਆਂ ਨੂੰ ਆਉਂਦੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਦੂਰ ਕਰਨ ਦੀ ਪੂਰੀ ਕੌਸ਼ਿਸ਼ ਕੀਤੀ ਜਾਵੇਗੀ ਅਤੇ ਕੁਝ ਦਿਨਾਂ ਤੱਕ ਹੀ ਨਵੀਂ ਕਾਰਜਕਾਰਨੀ ਦਾ ਐਲਾਨ ਕਰ ਦਿੱਤਾ ਜਾਵੇਗਾ। ਜਿਕਰਯੋਗ ਹੈ ਕਿ ਪ੍ਰਧਾਨਗੀ ਦੇ ਅਹੁਦੇ ਲਈ ਰਜਿੰਦਰ ਸਿੰਘ ਸਰਾਂ, ਵਿਨੋਦ ਕੁਮਾਰ ਬਾਂਸਲ (ਪੱਪੂ



ਲਹੌਰੀਆ), ਪ੍ਰੋ. ਐਚ ਐਸ ਪਦਮ, ਗੁਰਦੀਪ ਸਿੰਘ ਮੈਨੇਜਰ, ਨੰਬਰਦਾਰ ਸੁਖਵਿੰਦਰ ਸਿੰਘ ਪੱਪੂ, ਜਸਕਰਨ ਸਿੰਘ ਭੱਟੀ, ਕੁਲਤਾਰ ਸਿੰਘ ਸੰਧਵਾਂ, ਡਾ ਰਵਿੰਦਰਪਾਲ ਕੋਛੜ, ਮੁਖਤਿਆਰ ਸਿੰਘ ਮੱਤਾ, ਰਮੇਸ਼ ਸਿੰਘ ਗੁਲਾਟੀ, ਅਸ਼ੋਕ ਸੇਠੀ ਅਤੇ ਵਿਜੈ ਮੌਂਗਾ ਆਦਿਕ ਦੇ ਨਾਵਾਂ ’ਤੇ ਵੀ ਵਿਚਾਰ ਵਟਾਂਦਰਾ ਹੋ ਰਿਹਾ ਸੀ ਪਰ ਅਚਾਨਕ ਸਰਬਸੰਮਤੀ ਹੋਣ ਨਾਲ ਡਾ ਢਿੱਲੋਂ ਨੂੰ ਪ੍ਰਧਾਨ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ।

# ਕੰਵਰਜੀਤ ਸਿੰਘ ਸੇਠੀ ਦੀ ਯਾਦ ’ਚ ਲੱਗੇ ਕੈਂਪ ਦੌਰਾਨ 156 ਨੇ ਲਵਾਏ ਕੋਵਿਡ ਵਾਲੇ ਟੀਕੇ

**ਕੋਟਕਪੂਰਾ।** ਉੱਘੇ ਸਮਾਜ ਸੇਵੀ ਸਵ: ਕੰਵਰਜੀਤ ਸਿੰਘ ਸੇਠੀ ਦੀ ਯਾਦ ’ਚ ਸਥਾਨਕ ਸਿੱਖਾਂਵਾਲਾ ਰੋਡ ’ਤੇ ਸਥਿੱਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜ਼ੋਨਲ ਦਫ਼ਤਰ ਵਿਖੇ ਕੋਵਿਡ-19 ਤੋਂ ਰੋਕਥਾਮ ਲਈ ਵੈਕਸੀਨੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਡਾ. ਅਵੀਨਿੰਦਰਪਾਲ ਸਿੰਘ ਡਾਇਰੈਕਟਰ ਜਨਰਲ ਐੱਚਆਰਡੀ ਦੀ ਅਗਵਾਈ ਹੇਠ ਲੱਗੇ ਇਸ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਜ਼ੋਨਲ ਪ੍ਰੈੱਸ ਸਕੱਤਰ ਮਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਡਾ. ਨਵਰੀਤ ਕੌਰ ਦੀ ਅਗਵਾਈ ਵਾਲੀ ਸਥਾਨਕ ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਦੀ ਟੀਮ ਵਲੋਂ 18 ਤੋਂ 44 ਸਾਲ ਅਤੇ 44 ਸਾਲ ਤੋਂ ਵੱਧ ਉਮਰ ਦੇ 156 ਲੜਕੇ/ਲੜਕੀਆਂ ਅਤੇ ਵਢੇਰੀ ਉਮਰ ਦੇ ਮਰਦ-ਔਰਤਾਂ ਨੂੰ ਲੋੜ ਅਨੁਸਾਰ ਕੋਵਾਸ਼ੀਲਡ ਅਤੇ ਕੋਵੈਕਸੀਨ ਦੇ ਟੀਕੇ ਲਾਏ ਗਏ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵੀਰਾਂ ਦੇ ਸਹਿਯੋਗ ਨਾਲ ਸੇਠੀ ਪਰਿਵਾਰ ਵਿੱਚ ਸ਼ਾਮਲ ਹਰਪ੍ਰੀਤ ਸਿੰਘ ਲੱਕੀ, ਨਵਨੀਤ ਸਿੰਘ ਸੋਨੂੰ, ਮਨਮੀਤ ਸਿੰਘ ਬੋਬੀ ਅਤੇ ਜਸਬੀਰ ਸਿੰਘ ਰਿੰਕੀ ਨੇ ਆਉਣ ਵਾਲੀ ਸੰਗਤ ਦੀ ਠੰਢੇ ਦੁੱਧ ਅਤੇ ਫਲ ਫਰੂਟ ਦੀ ਰਿਫਰੈਸ਼ਮੈਂਟ ਨਾਲ ਸੇਵਾ ਕੀਤੀ। ਸੀਨੀਅਰ ਮੈਡੀਕਲ ਅਫਸਰ ਹਰਿੰਦਰ ਸਿੰਘ ਗਾਂਧੀ ਨੇ ਕੈਂਪ ਦੌਰਾਨ ਨਿਰੀਖਣ ਕਰਦਿਆਂ ਸੰਤੁਸ਼ਟੀ ਜਾਹਰ ਕੀਤੀ। ਜਥੇਬੰਦੀ ਵਲੋਂ ਚਮਕੌਰ ਸਿੰਘ ਖੇਤਰ ਪ੍ਰਧਾਨ, ਜਗਮੋਹਨ ਸਿੰਘ ਖੇਤਰ ਸਕੱਤਰ, ਪਰਮਜੀਤ ਸਿੰਘ, ਸਤਨਾਮ ਸਿੰਘ, ਗੁਰਿੰਦਰ ਸਿੰਘ, ਗੁਰਵਿੰਦਰ ਸਿੰਘ ਸਿਵੀਆਂ ਅਤੇ ਯੂਥ ਵਿੰਗ ਦੇ ਪ੍ਰਭਪ੍ਰੀਤ ਸਿੰਘ, ਸੁਖਚੈਨ ਸਿੰਘ, ਜਸਮੀਤ ਸਿੰਘ ਨੇ



ਸਾਰਿਆਂ ਦਾ ਧੰਨਵਾਦ ਕਰਦਿਆਂ ਮੈਡੀਕਲ ਸਟਾਫ ਨੂੰ ਕਿਤਾਬਾਂ ਦੇ ਸੈੱਟ ਭੇਂਟ ਕੀਤੇ ਗਏ। ਉਚੇਚੇ ਤੌਰ ’ਤੇ ਪੁੱਜੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਡਾ. ਮਨਜੀਤ ਸਿੰਘ ਢਿੱਲੋਂ, ਰਜਿੰਦਰ ਸਿੰਘ ਸਰਾਂ, ਨਰਜਿੰਦਰ ਸਿੰਘ ਖਾਰਾ, ਨਵਨੀਤ ਸਿੰਘ, ਹਰਪ੍ਰੀਤ ਸਿੰਘ ਆਦਿ ਨੇ ਸੇਠੀ ਪਰਿਵਾਰ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਕੰਵਰਜੀਤ ਸਿੰਘ ਸੇਠੀ ਵੱਲੋਂ ਸਮਾਜ ਸੇਵਾ ਦੇ ਖੇਤਰ ’ਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ।

# ਕੇਂਦਰੀ ਜੇਲ੍ਹ ਚੋਂ ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਦੀ ਬੈਰਕ ਦੇ ਬਾਹਰ ਪਈਆਂ ਲੱਕੜਾਂ ਦੀਆਂ ਬੋਰੀਆਂ ਵਿਚੋਂ ਇਕ ਮੋਬਾਇਲ ਫੋਨ ਅਤੇ ਬਲਾਕ ਨੰਬਰ 1 ਦੀ ਤਲਾਸ਼ੀ ਦੌਰਾਨ 2 ਮੋਬਾਇਲ ਫੋਨ ਬਰਾਮਦ ਹੋਏ ਹਨ। ਜਾਣਕਾਰੀ ਦਿੰਦੇ ਹੋਏ ਏਐੱਸਆਈ ਸ਼ਰਮਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਪੱਤਰ ਨੰਬਰ 3487 ਰਾਹੀਂ ਸਤਨਾਮ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 26 ਜੂਨ 2021 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਸਮੇਤ ਕਰਮਚਾਰੀਆਂ ਦੇ ਬੈਰਕ ਨੰਬਰ 2 ਤਲਾਸ਼ੀ ਕੀਤੀ ਗਈ ਤਾਂ ਤਲਾਸ਼ੀ ਦੌਰਾਨ ਬੈਰਕ ਦੇ ਬਾਹਰ ਪਈਆਂ ਲੱਕੜਾਂ ਦੀਆਂ ਬੋਰੀਆਂ ਹੇਠੋਂ ਇਕ ਮੋਬਾਇਲ ਫੋਨ ਮਾਰਕਾ ਔਪੋ ਟੱਚ ਸਕਰੀਨ ਸਮੇਤ ਬੈਟਰੀ ਤੇ ਬਿਨ੍ਹਾ ਸਿੰਮ ਕਾਰਡ ਬਰਾਮਦ ਹੋਇਆ ਤੇ ਬਲਾਕ ਨੰਬਰ 1 ਦੀ ਤਲਾਸ਼ੀ ਦੌਰਾਨ 2 ਮੋਬਾਇਲ ਫੋਨ ਮਾਰਕਾ ਸੈਮਸੰਗ (ਕੀ-ਪੈਡ) ਬਿਨ੍ਹਾ ਸਿੰਮ ਕਾਰਡ ਬਰਾਮਦ ਹੋਏ। ਜਾਂਚਕਰਤਾ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਰੋਜ਼ਗਾਰ ਬਿਊਰੋ ਵਲੋਂ ਪਲੇਸਮੈਂਟ ਕੈਂਪ ਅੱਜ

**ਕਪੂਰਥਲਾ।** ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਅੰਬੇਦਕਰ ਭਵਨ ਕਪੂਰਥਲਾ ਵਿਖੇ 2 ਦਿਨਾ ਪਲੈਸਮੈਂਟ ਕੈਂਪ 28 ਜੂਨ ਦਿਨ ਸੋਮਵਾਰ ਤੋਂ ਲਗਾਇਆ ਜਾ ਰਿਹਾ ਹੈ।

ਜਿਲ੍ਹਾ ਰੋਜ਼ਗਾਰ ਬਿਊਰੋ ਦੀ ਮੁੱਖ ਅਧਿਕਾਰੀ ਸ੍ਰੀਮਤੀ ਨੀਲਮ ਮਹੇ ਨੇ ਦੱਸਿਆ ਕਿ ਕੈਂਪ ਦੇ ਪਹਿਲੇ ਦਿਨ 28 ਜੂਨ ਨੂੰ ਗ੍ਰੈਜੂਏਸ਼ਨ ਪਾਸ ਉਮੀਦਵਾਰਾਂ ਦੀ ਵੱਖ-ਵੱਖ ਕੰਪਨੀਆਂ ਵਲੋਂ ਇੰਟਰਵਿਊ ਕੀਤੀ ਜਾਵੇਗੀ। ਭਾਗ ਲੈਣ ਵਾਲੇ ਉਮੀਦਵਾਰਾਂ ਦੀ ਰਜਿਸਟ੍ਰੇਸ਼ਨ ਮੌਕੇ ਉੱਪਰ ਹੀ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਉਮੀਦਵਾਰ ਬਿਊਰੋ ਦੇ ਹੈਲਪਲਾਇਨ ਨੰਬਰ 98882-19247 ’ਤੇ ਸੰਪਰਕ ਕਰ ਸਕਦੇ ਹਨ।

# ਪੀਬੀਜੀ ਵੈੱਲਫੇਅਰ ਕਲੱਬ ਦੀ 12ਵੀਂ ਵਰੇਗੰਢ ਦੀ ਖੁਸ਼ੀ ’ਚ ਲੱਗੇ ਕੈਂਪ ਦੌਰਾਨ 341 ਯੂਨਿਟ ਖੂਨ ਇਕੱਤਰ

**ਕੋਟਕਪਰਾ।** ਪੀਬੀਜੀ ਵੈਲਫੇਅਰ ਕਲੱਬ ਵਲੋਂ ਚੰਡੀਗੜ ਬੱਚਿਆਂ ਦਾ ਹਸਪਤਾਲ ਜੈਤੋ ਰੋਡ ਕੋਟਕਪੂਰਾ ਵਿਖੇ ਕਲੱਬ ਦੀ ਬਾਰਵੀਂ ਵਰੇਗੰਢ ਦੀ ਖੁਸ਼ੀ ਅਤੇ ਅਕਾਦਮਿਕ ਹਲਕਿਆਂ ਦੀ ਮੰਨੀ ਪ੍ਰਮੰਨੀ ਸ਼ਖਸ਼ੀਅਤ ਸੇਵਾਮੁਕਤ ਮੁੱਖ ਅਧਿਆਪਕ ਜਗਦੇਵ ਸਿੰਘ ਬਰਾੜ ਦੀ ਯਾਦ ਵਿੱਚ ਜਿਲਾ ਰੈੱਡ ਕਰਾਸ ਸੁਸਾਇਟੀ ਸ਼ਾਖਾ ਫਰੀਦਕੋਟ ਦੇ ਸਹਿਯੋਗ ਨਾਲ ਪ੍ਰਧਾਨ ਰਾਜੀਵ ਮਲਿਕ ਅਤੇ ਦਿਹਾਤੀ ਇੰਚਾਰਜ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਦੀ ਅਗਵਾਈ ਹੇਠ ‘ਮੇਲਾ ਖੂਨਦਾਨੀਆਂ ਦਾ’ ਲਾਇਆ ਗਿਆ। ਜਿਸ ਵਿੱਚ 300 ਯੂਨਿਟ ਖੂਨ ਇਕੱਤਰ ਕਰਨ ਦਾ ਟੀਚਾ ਮਿੱਥਿਆ ਗਿਆ ਸੀ ਪਰ ਦਾਨੀ ਸੱਜਣਾ ਦੇ ਉਤਸ਼ਾਹ ਕਰਕੇ 341 ਯੂਨਿਟ ਖੂਨ ਇਕੱਤਰ ਕੀਤਾ ਗਿਆ। ਜਿਸ ਵਿੱਚ 124 ਯੂਨਿਟ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਦੇ ਬਲੱਡ ਬੈਂਕ ਦੀ ਟੀਮ, 110 ਯੂਨਿਟ ਬਾਬਾ ਦਿਆਲ ਸਿੰਘ ਸਰਕਾਰੀ ਹਸਪਤਾਲ ਕੋਟਕਪੂਰਾ ਅਤੇ 107 ਯੂਨਿਟ ਗੁਰੂ ਨਾਨਕ ਚੈਰੀਟੇਬਲ ਹਸਪਤਾਲ ਬਠਿੰਡਾ ਦੀ ਟੀਮ ਦੇ ਸਹਿਯੋਗ ਨਾਲ ਇਕੱਤਰ ਹੋਇਆ। ਉਚੇਚੇ ਤੌਰ ’ਤੇ ਪੁੱਜੇ ਮੇਜਰ ਅਮਿਤ ਸਰੀਨ ਐੱਸਡੀਐੱਮ, ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਡਾ. ਪ੍ਰਭਦੇਵ ਸਿੰਘ ਬਰਾੜ, ਡਾ. ਰਵੀ ਬਾਂਸਲ, ਅਜੈਪਾਲ ਸਿੰਘ ਸੰਧੂ, ਕੁਲਤਾਰ ਸਿੰਘ ਬਰਾੜ, ਬਲਜੀਤ ਸਿੰਘ ਖੀਵਾ, ਵਰਿੰਦਰ ਕਟਾਰੀਆ, ਰਜਿੰਦਰ ਸਿੰਘ ਸਰਾਂ ਅਤੇ ਹੋਰ ਬੁਲਾਰਿਆਂ ਨੇ ਪੀਬੀਜੀ ਵੈੱਲਫੇਅਰ ਕਲੱਬ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਆਖਿਆ ਕਿ ਖੂਨਦਾਨ ਮਹਾਂਦਾਨ ਮੰਨਿਆ ਗਿਆ ਹੈ। ਉਨਾਂ ਪੀਬੀਜੀ ਵੈਲਫੇਅਰ ਕਲੱਬ ਵੱਲੋਂ ਕੋਰੋਨਾ ਮਹਾਂਮਾਰੀ ਦੇ ਸੰਕਟ ਦੌਰਾਨ ਨਿਭਾਈਆਂ ਸੇਵਾਵਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ। ਕਲੱਬ




ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਕੈਂਪ ’ਚ ਵਿਸ਼ੇਸ਼ ਮਹਿਮਾਨ ਵਜੋਂ ਥੈਲੇਸੀਮੀਆ ਤੋਂ ਪੀੜਤ ਬੱਚੇ ਸਨ ਅਤੇ ਖੂਨਦਾਨੀਆਂ ਸਮੇਤ ਬਾਬਾ ਖੇਤਰਪਾਲ ਬਲੱਡ ਸੇਵਾ ਮੁਕਤਸਰ ਤੋਂ ਸਿਟੀ ਕਲੱਬ ਬਲੱਡ ਸੇਵਾ ਫਰੀਦਕੋਟ ਤੋਂ ਅਤੇ ਕੋਟਕਪੂਰਾ ਸ਼ਹਿਰ ਦੀਆਂ ਖੂਨਦਾਨ ਕਰਨ ਵਾਲੀਆਂ ਸੰਸਥਾਵਾਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਉਨਾਂ ਦੱਸਿਆ ਕਿ ਕੈਂਪ ਦੌਰਾਨ ਚਨਾਬ ਗਰੁੱਪ ਆਫ ਐਜੂਕੇਸ਼ਨ, ਬਾਬਾ ਮਿਲਕ, ਫਸਟ ਸਟੈੱਪ, ਮਾਡਰਨ ਫੈਬਰਿਕ, ਗੁਰਦੇਵ ਕੰਟਰੈਕਟਰ, ਮਨੁੱਖਤਾ ਦੀ ਸੇਵਾ, ਬਾਬਾ ਫਰੀਦ ਸਾਅ ਮਿਲ, ਵੀਜ਼ਾ ਟਰਮੀਨਲ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਪੁਲਿਸ ਭਰਤੀ ਦੇ ਚਾਹਵਾਨਾਂ ਲਈ ਮੁਫਤ ਸਿਖਲਾਈ ਸ਼ੁਰੂ- ਐਸ.ਐਸ.ਪੀ ਨੇ ਲਿਆ ਸਿਖਲਾਈ ਪ੍ਰਕ੍ਰਿਆ ਦਾ ਜਾਇਜ਼ਾ

## ਨੌਜਵਾਨਾਂ ਅਤੇ ਵਿਸ਼ੇਸ਼ ਕਰਕੇ ਲੜਕੀਆਂ ਨੂੰ ਦੇਸ਼ ਸੇਵਾ ਲਈ ਅੱਗੇ ਆਉਣ ਦਾ ਸੱਦਾ

**ਕਪੂਰਥਲਾ।** ਕਪੂਰਥਲਾ ਪੁਲਿਸ ਵਲੋਂ ਪੰਜਾਬ ਪੁਲਿਸ ਵਿਚ ਭਰਤੀ ਲਈ ਚਾਹਵਾਨ ਲੜਕੇ ਤੇ ਲੜਕੀਆਂ ਦੀ ਸਹਾਇਤਾ ਲਈ ਨਿਵਕੇਲੀ ਪਹਿਲ ਕਰਦਿਆਂ ਮੁਫਤ ਸਰੀਰਕ ਸਿਖਲਾਈ ਸ਼ੁਰੂ ਕੀਤੀ ਗਈ ਹੈ। ਐਸ.ਐਸ.ਪੀ. ਕਪੂਰਥਲਾ ਸ਼੍ਰੀ ਹਰਕਮਲਪ੍ਰੀਤ ਸਿੰਘ ਖੱਖ ਦੀ ਅਗਵਾਈ ਹੇਠ ਅੱਜ ਪੁਲਿਸ ਲਾਇਨ ਕਪੂਰਥਲਾ ਵਿਖੇ ਸਿਖਲਾਈ ਲਈ ਪਹਿਲੇ ਬੈਚ ਦੀ ਸ਼ੁਰੂਆਤ ਕੀਤੀ ਗਈ , ਜਿਸ ਵਿਚ 50 ਲੜਕੇ -ਲੜਕੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਐਸ.ਐਸ.ਪੀ. ਸ਼੍ਰੀ ਖੱਖ ਵਲੋਂ ਅੱਜ ਪੁਲਿਸ ਲਾਇਨ ਵਿਖੇ ਐਸ.ਪੀ. ਜਸਬੀਰ ਸਿੰਘ, ਡੀ.ਐਸ.ਪੀ. ਸੰਦੀਪ ਸਿੰਘ ਮੰਡ, ਡੀ.ਐਸ.ਪੀ. ਸ਼ਹਿਬਾਜ ਸਿੰਘ ਤੇ ਹੋਰਨਾਂ ਅਧਿਕਾਰੀਆਂ ਸਮੇਤ ਸਿਖਲਾਈ ਪ੍ਰਕ੍ਰਿਆ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਵਲੋਂ ਜਿਲ੍ਹਾ ਪੁਲਿਸ ਕੇਡਰ ਵਿਚ 2016 ਅਤੇ ਪੰਜਾਬ ਆਰਮਡ ਪੁਲਿਸ ਵਿਚ 2346 ਪੋਸਟਾਂ (ਕੁੱਲ 4362) ਮਹਿਲਾ ਤੇ ਪੁਰਸ਼ ਸਿਪਾਹੀਆਂ ਦੀ ਭਰਤੀ ਕੀਤੀ ਜਾ ਰਹੀ ਹੈ, ਜਿਸ ਤਹਿਤ ਡੀ.ਜੀ.ਪੀ. ਪੰਜਾਬ ਦੀਆਂ ਹਦਾਇਤਾਂ ਅਨੁਸਾਰ ਨੌਜਵਾਨਾਂ ਦੀ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ, ਤਾਂ ਜੋ ਉਹ ਭਰਤੀ ਮੁਕਾਬਲੇ ਦੌਰਾਨ ਚੰਗਾ ਪ੍ਰਦਰਸ਼ਨ ਕਰਕੇ ਸਫਲ ਹੋ ਸਕਣ।ਉਨ੍ਹਾਂ ਨੌਜਵਾਨਾਂ ਤੇ ਵਿਸ਼ੇਸ਼ ਕਰਕੇ ਲੜਕੀਆਂ ਨੂੰ ਸੱਦਾ ਦਿੱਤਾ ਕਿ ਉਹ ਮੁਫਤ ਸਿਖਲਾਈ ਪ੍ਰਕ੍ਰਿਆ ਦਾ ਲਾਭ ਲੈ ਕੇ ਦੇਸ਼ ਸੇਵਾ ਲਈ ਪੁਲਿਸ ਫੋਰਸ ਵਿਚ ਸ਼ਾਮਿਲ ਹੋਣ। ਕੁੱਲ ਪੋਸਟਾਂ ਵਿਚੋਂ 33 ਫੀਸਦੀ ਲੜਕੀਆਂ ਲਈ ਰਾਖਵੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੁਲਿਸ ਲਾਇਨ ਵਿਚ ਸਵੇਰੇ ਤੇ ਸ਼ਾਮ ਨੂੰ ਮੁਫਤ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਸਿਖਲਾਈ



ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨਾਲ ਵੀ ਗੱਲਬਾਤ ਕੀਤੀ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਿਖਲਾਈ ਲੈਣ ਵਾਲਿਆਂ ਨੂੰ ਹਰ ਸੰਭਵ ਸਹੂਲਤ ਪ੍ਰਦਾਨ ਕਰਨ। ਜ਼ਿਕਰਯੋਗ ਹੈ ਕਿ ਸਿਖਲਾਈ ਦੌਰਾਨ ਪੰਜਾਬ ਪੁਲਿਸ ਦੇ ਟਰੇਨਰਾਂ ਵਲੋਂ 1600 ਮੀਟਰ ਦੌੜ, ਹਾਈਜੰਪ, ਲੌਂਗ ਜੰਪ ਤੇ ਹੋਰ ਸਰੀਰਕ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਿਖਲਾਈ ਲੈਣ ਦੇ ਚਾਹਵਾਨਾਂ ਦੀ ਸਹੂਲਤ ਲਈ ਹੈਲਪਲਾਇਨ ਨੰਬਰ ਵੀ 98148-35465, 98140-22252,94635-41523 ਤੇ 97799-07910 ਜਾਰੀ ਕੀਤੇ ਗਏ ਹਨ। ਇਸ ਮੌਕੇ ਇੰਸਪੈਕਟਰ ਮਨਜੀਤ ਸਿੰਘ, ਲਾਇਨ ਅਫਸਰ ਨਰਵਿੰਦਰ ਸਿੰਘ ਵੀ ਹਾਜ਼ਰ ਸਨ।

# ਰਾਸ਼ਟਰਪਤੀ ਕਿਸਾਨੀ ਮਾਮਲੇ ’ਚ ਤੁਰੰਤ ਦਖ਼ਲ ਦੇਣ : ਭਾਈ ਤੁੰਗ, ਪ੍ਰੋ: ਖਿਆਲਾ

**ਮਾਨਾਂਵਾਲਾ / ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** ਕਿਸਾਨ ਸੰਘਰਸ਼ ਦੀ ਫ਼ਤਿਹਯਾਬੀ ਲਈ ਸ੍ਰੀ ਸਹਿਜ ਪਾਠ ਦੀ ਚਲਾਈ ਗਈ ਲੜੀ ਦੌਰਾਨ ਅੱਜ ਦੋ ਸਹਿਜ ਪਾਠਾਂ ਦੇ ਭੋਗ ਉਪਰੰਤ ਸੱਤਵੇਂ ਅਤੇ ਅੱਠਵੇਂ ਸਹਿਜ ਪਾਠਾਂ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਸਰਬੱਤ ਦੇ ਭਲੇ, ਕਿਸਾਨ ਸੰਘਰਸ਼ ਦੀ ਕਾਮਯਾਬੀ ਅਤੇ ਚੜ੍ਹਦੀਕਲਾ ਲਈ ਅਰਦਾਸ ਕੀਤੀ ਹੈ। ਸਮਾਗਮ ਦੇ ਪ੍ਰਬੰਧਕ ਭਾਈ ਇਕਬਾਲ ਸਿੰਘ ਤੁੰਗ ਅਤੇ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਦੱਸਿਆ ਕਿ ਕਿਸਾਨੀ ਸੰਘਰਸ਼ ਦੀ ਫ਼ਤਿਹਯਾਬੀ ਲਈ ਸਹਿਜ ਪਾਠਾਂ ਦੀ ਲੜੀ ਬਾਬਾ ਜਸਪਾਲ ਸਿੰਘ ਮੰਜੀ ਸਾਹਿਬ ਕਾਰਸੇਵਾ ਗੁ: ਚਮਰੰਗ ਰੋਡ ਵੱਲੋਂ ਸੰਤ ਸਮਾਜ ਅਤੇ ਸੰਗਤ ਦੇ ਸਹਿਯੋਗ ਨਾਲ ਪਿੰਡ ਮਾਨਾਂਵਾਲਾ ’ਚ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ ਵਡਾਲੀ ਡੋਗਰਾਂ ਵਿਖੇ 8 ਜੂਨ ਤੋਂ ਨਿਰੰਤਰ ਚੱਲ ਰਹੀ ਹੈ ਅਤੇ ਇਲਾਕੇ ਦੀਆਂ ਸੰਗਤਾਂ ਵਿਚ ਇਸ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਅੱਜ ਸਹਿਜ ਪਾਠਾਂ ਦੀ ਲੜੀ ਦੌਰਾਨ ਮੈਂਬਰ ਪਾਰਲੀਮੈਂਟ ਸ: ਗੁਰਜੀਤ ਸਿੰਘ ਔਜਲਾ ਦੇ ਓ ਐਸ ਡੀ ਅਤੇ ਮਾਨਾਂਵਾਲਾ ਦੇ ਸਰਪੰਚ ਸ: ਸੁਖਰਾਜ ਸਿੰਘ ਰੰਧਾਵਾ ਅਤੇ ਸੁਰਿੰਦਰ ਸਿੰਘ ਰੰਧਾਵਾ ਵੱਲੋਂ ਰਖਾਏ ਗਏ ਦੋ ਸਹਿਜ ਪਾਠਾਂ ਦੇ ਭੋਗ ਉਪਰੰਤ ਮੈਂਬਰ ਪਾਰਲੀਮੈਂਟ ਸ: ਗੁਰਜੀਤ ਸਿੰਘ ਔਜਲਾ ਅਤੇ ਸਰਬਜੀਤ ਸਿੰਘ ਵਡਾਲੀ ਡੋਗਰਾਂ ਦੀਆਂ ਸੰਗਤਾਂ ਵੱਲੋਂ ਦੋ ਹੋਰ ਸਹਿਜ ਪਾਠਾਂ ਦੀ ਅਰੰਭਤਾ ਕੀਤੀ ਗਈ। ਭਾਈ ਤੁੰਗ ਅਤੇ ਪ੍ਰੋ: ਖਿਆਲਾ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਕਿਸਾਨੀ ਮਾਮਲੇ ’ਚ ਤੁਰੰਤ ਦਖ਼ਲ ਦੇਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਮਹੂਰੀਅਤ ਦਾ ਘਾਣ ਕੀਤਾ ਜਾ ਰਿਹਾ ਹੈ, ਅਜਿਹੀ ਹਾਲਤ 'ਚ ਸੰਵਿਧਾਨਕ ਪ੍ਰਣਾਲੀ ਦੇ ਮੁਖੀ ਵਜੋਂ ਤੁਹਾਡੀ ਸਭ ਤੋਂ ਵੱਡੀ ਜ਼ੰਮਿਵਾਰੀ ਬਣ ਜਾਂਦੀ ਹੈ । ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿਚ ਰਾਜਪਾਲਾਂ ਰਾਹੀਂ ਰਾਸ਼ਟਰਪਤੀ ਦੇ ਨਾਂਅ ਰੋਸ ਪੱਤਰ ਦੇਣ ਲਈ ਕਿਸਾਨਾਂ ਨਾਲ ਸ਼ਾਮਿਲ ਹੋਣ ਵਾਲਿਆਂ ’ਚ ਬਹੁਗਿਣਤੀ ਆਮ ਲੋਕਾਂ ਦੀ ਸ਼ਮੂਲੀਅਤ ਇਸ ਗਲ ਦੀ ਗਵਾਹੀ ਦੇ ਰਹੀ ਹੈ ਕਿ ਹੁਣ ਕੇਂਦਰ ਦੀ ਅੜੀਅਲ ਰਵੱਈਏ ਖ਼ਿਲਾਫ਼ ਸਾਰਾ ਦੇਸ਼ ਕਿਸਾਨਾਂ ਨਾਲ ਖੜ੍ਹ ਗਿਆ ਹੈ ਅਤੇ ਹੁਣ ਕੇਂਦਰੀ ਹਕੂਮਤ ਵੱਲੋਂ ਕਿਸਾਨਾਂ ਨੂੰ ਦਬਾਉਣ ਵਾਲੇ ਕਾਲੇ ਕਾਨੂੰਨ ਵਾਪਸ ਲੈ ਲੈਣੇ ਚਾਹੀਦੇ ਹਨ . ਉਨ੍ਹਾਂ ਚੰਡੀਗੜ੍ਹ ’ਚ ਸ਼ਾਂਤਮਈ ਮਾਰਚ ਕੱਢ ਰਹੇ ਕਿਸਾਨਾਂ ’ਤੇ ਪੁਲਿਸ ਵੱਲੋਂ ਪਾਣੀ ਦੀਆਂ ਬੁਛਾੜਾਂ ਛੱਡਣ ਦੀ ਨਿਖੇਧੀ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ ਬਿਨਾ ਸ਼ਰਤ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਦੇਸ਼



'ਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਗਾਈ ਗਈ ਅਣਐਲਾਨੀ ਐਮਰਜੈਂਸੀ ਕਿਸਾਨੀ ਸੰਘਰਸ਼ ਨੂੰ ਰੋਕਣ ’ਚ ਨਾਕਾਮ ਰਹੇਗੀ। ਕਿਸਾਨ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕੇਂਦਰ ਸਰਕਾਰ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰਦੀ . ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਖੇਤੀ ਬਾਜ਼ਾਰਾਂ ਸੰਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਹੈ ਇਸ ਲਈ ਖੇਤੀਬਾੜੀ ਦੇ ਤਿੰਨੋਂ ਕਾਨੂੰਨ ਗ਼ੈਰ-ਸੰਵਿਧਾਨਕ ਹਨ। ਖੇਤੀ ਕਾਨੂੰਨ ਬਣਾਉਣ ਤੋਂ ਪਹਿਲਾਂ ਕਿਸਾਨਾਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ। ਭਾਜਪਾ ਨੇ ਚੋਣਾਂ ਦੌਰਾਨ ਸਵਾਮੀਨਾਥਨ ਕਮਿਸ਼ਨ ਦੇ ਫ਼ਾਰਮੂਲੇ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਪਰ ਚੋਰ ਦਰਵਾਜ਼ੇ ਰਾਹੀਂ ਖੇਤੀ ਆਰਡੀਨੈਂਸ ਲਾਗੂ ਕਰਦਿਆਂ ਕਿਸਾਨੀ ਨੂੰ ਧੋਖਾ ਦਿੱਤਾ ਗਿਆ। ਉਨਾਂ ਪਿਛਲੇ ਸੱਤ ਮਹੀਨਿਆਂ ਤੋਂ ਕਿਸਾਨੀ ਅੰਦੋਲਨ 'ਚ ਜਾਨ ਗਵਾ ਚੁੱਕੇ 500 ਤੋਂ ਵੱਧ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸਰਪੰਚ ਸੁਖਰਾਜ ਸਿੰਘ ਰੰਧਾਵਾ ਮਾਨਾਂਵਾਲਾ, ਸੁਰਿੰਦਰ ਸਿੰਘ ਰੰਧਾਵਾ, ਸਰਪੰਚ ਬਲਬੀਰ ਸਿੰਘ ਵਡਾਲੀ ਡੋਗਰਾਂ, ਭਾਈ ਸਤਨਾਮ ਸਿੰਘ ਅਕਾਲੀ, ਅਜੀਤ ਸਿੰਘ ਤਲਵੰਡੀ ਡੋਗਰਾਂ, ਬਲਵਿੰਦਰ ਸਿੰਘ ਵਡਾਲੀ, ਜਸਵਿੰਦਰ ਸਿੰਘ ਰਾਜਾਸਾਂਸੀ, ਗੁਰਬੀਰ ਸਿੰਘ ਲੁਹ-ਾਰਕਾ, ਡਾ: ਚਰਨਜੀਤ ਸਿੰਘ ਬੰਡਾਲਾ, ਪ੍ਰੋ: ਸਰਦੂਲ ਸਿੰਘ, ਕੁਲਜੀਤ ਸਿੰਘ , ਜੈਪਾਲ ਸਿੰਘ ਢਿੱਲੋਂ ਮੈਂਬਰ ਬਲਾਕ ਸੰਮਤੀ, ਡਾ: ਬਲਜੀਤ ਸਿੰਘ, ਅਰਪਿੰਦਰ ਸਿੰਘ, ਇਕਬਾਲ ਸਿੰਘ ਵਡਾਲੀ, ਅਤੇ ਬਿਕਰਮਜੀਤ ਸਿੰਘ ਵੀ ਮੌਜੂਦ ਸਨ।

# ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਪਿੰਡ ਦਿਆਲਪੁਰ ਦੇ ਗੁਰਦੁਆਰਾ ਬੀਬੀ ਭਾਨੀ ਜੀ (ਬੀਬੀ ਸਾਹਿਬ) ਵਿਖੇ ਸ਼੍ਰੀ ਗਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ।ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਜਿੰਦਰ ਸਿੰਘ ਰਾਜਾ, ਸਾਬਕਾ ਪ੍ਰਧਾਨ ਜਗੀਰ ਸਿੰਘ ਜੀਰੂ,ਪੰਚ ਅਸ਼ਵਨੀ ਸੇਠ ਲਾਡੀ ਦੀ ਦੇਖ ਰੇਖ ਹੇਠਪਿੰਡ ਵਾਸੀਆਂ ਦੇ ਸਹਿਯੋਗ ਨਾਲ ਠੰਢੇ ਮਿੱਠੇ ਜਲ,ਜਲਜੀਰਾ,ਦੀ ਛਬੀਲ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ।

ਇਸ ਮੌਕੇ ਭਾਈ ਸੁਖਦੇਵ ਸਿੰਘ,ਅਮਨਦੀਪ ਸਿੰਘ ਖੱਖ,ਸੀਮਰਨ ਸਿੰਘ, ਅਨਮੋਲ ਸਿੰਘ, ਜੋਗਾ ਸਿੰਘ, ਗੋਰਾ ਸਿੰਘ, ਅਰਵਿੰਦਰ ਸਿੰਘ, ਜੱਸੀ ਸਿੰਘ, ਮਨੀ,ਨਿਸ਼ਾਤ ਵਰਮਾ,ਰਾਜਾਖੱਖ,,ਜਗਜੀਤ ਸਿੰਘ, ਰਾਜਾ,ਪ੍ਰਭਜੋਤ ਸਿੰਘ, ਸਹਿਜਦੀਪ ਸਿੰਘ ਆਦਿ ਵਲੋਂ ਬੜੀ ਸ਼ਰਧਾ ਨਾਲ ਸੰਗਤ ਨੂੰ ਛਬੀਲ ਤੇ ਲੰਗਰ ਵਰਤਾਇਆ ਗਿਆ।

# ਮਾਈਗਰੇਟਰੀ ਪਲਸ ਪੋਲੀਓ ਮੁਹਿੰਮ ਦਾ ਆਗਾਜ਼

**ਬੁੱਢਾਵੜ ,ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਸਿਵਲ ਸਰਜਨ ਡਾ ਰਣਜੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਸੀ ਐਚ ਸੀ ਬੁਢਾਬਾੜ ਦੇ ਸੀਨੀਅਰ ਮੈਡੀਕਲ ਅਫਸਰ ਡਾ ਹਰਜੀਤ ਸਿੰਘ ਜੀ ਨੇ ਮਾਈਗਰੇਟਰੀ ਪਲਸ ਪੋਲੀਓ ਮੁ-ਹਿੰਮ ਦਾ ਆਗਾਜ਼ ਕੀਤਾ। ਇਸ ਮੌਕੇ ਤੇ ਡਾ ਹਰਜੀਤ ਸਿੰਘ ਨੇ ਦੱਸਿਆ ਕਿ ਮਾਈਗਰੇਟਰੀ ਪਲਸ ਪੋਲੀਓ ਲਈ 6 ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਇਹ ਟੀਮਾ ਬਲਾਕ ਬੁਢਾਬਾੜ ਦੇ ਅਲੱਗ ਅਲੱਗ ਏਰੀਏ ਵਿੱਚ ਜਾ ਕੇ ਚੁੰਗੀਆਂ ਚੌਪੜੀਆ, ਇੱਟਾਂ ਦੇ ਭੱਠੇ, ਗੁਜ਼ਰ ਬਰਾਦਰੀ ਅਤੇ ਫੈਕਟਰੀਆਂ ਵਿਚ ਕੰਮ ਕਰਦੀ ਲੇਬਰ ਦੇ 0 ਤੋਂ 5 ਸਾਲਾਂ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣਗੀਆ। ਉਹਨਾਂ ਕਿਹਾ ਕਿ ਇਹ ਮੁਹਿੰਮ 3 ਦਿਨਾਂ ਤੱਕ ਚੱਲੇਗੀ ਅਤੇ ਮਾਈਗਰੇਟਰੀ ਅਬਾਦੀ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਮੌਕੇ ਤੇ ਟੀਮ ਮੈਂਬਰਾਂ ਬਲਵਿੰਦਰ ਪਾਲ ਸਿੰਘ, ਅਮਰਜੀਤ ਸਿੰਘ, ਰਮਨ ਕੁਮਾਰ, ਵਿਪਨ , ਸੁਖਵਿੰਦਰ ਸਿੰਘ ,, ਬਲ-ਜੰਦਰ ਸਿੰਘ , ਜਸਵੀਰ ਕੁਮਾਰ , ਰਜਿੰਦਰ ਕੁਮਾਰ , ਉਪਕਾਰ ਸਿੰਘ , ਓੁਂਕਾਰ ਸਿੰਘ , ਰਾਹੁਲ , ਪੁਲਿਸ ਅਤੇ ਸੁਪਰਵਾਈਜ਼ਰ ਸੁੱਚਾ ਮਸੀਹ, ਜਗੀਰ ਲਾਲ ਆਦਿ ਹਾਜ਼ਰ ਸਨ।

